ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਸ਼ੁੱਕਰਵਾਰ, 22 ਅਪ੍ਰੈਲ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

R.N.I. Punpun/29016/2008 ✲ ਸਾਲ : 14 ✲ ਅੰਕ : 407 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜ਼ਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

## ਲੜੀਵਾਰ ਬੰਬ ਧਮਾਕਿਆਂ ਨਾਲ ਲਹੂ ਲੁਹਾਣ ਹੋਇਆ ਅਫਗਾਨਿਸਤਾਨ

**ਕਾਬੁਲ/ਲੋਕ ਬਾਣੀ**

ਅਫਗਾਨਿਸਤਾਨ ਵਿੱਚ ਵੀਰਵਾਰ ਨੂੰ ਹੋਏ ਲੜੀਵਾਰ ਬੰਬ ਧਮਾਕਿਆਂ ਵਿੱਚ ਘੱਟੋ ਘੱਟ 11 ਵਿਅਕਤੀਆਂ ਦੀ ਮੌਤ ਹੋ ਗਈ ਤੇ 40 ਹੋਰ ਜ਼ਖ਼ਮੀ ਹੋ ਗਏ। ਪੁਲੀਸ ਅਨੁਸਾਰ ਇਸਲਾਮਿਕ ਸਟੇਟ ਨੇ ਮਜ਼ਾਰ ਏ ਸ਼ਰੀਫ ਮਸਜਿਦ ਵਿੱਚ ਹੋਏ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ। ਹਾਲਾਂਕਿ, ਹੁਣ ਤਕ ਜ਼ਿਆਦਾਤਰ ਧਮਾਕੇ ਘੱਟਗਿਣਤੀ ਸ਼ੀਆ ਮੁਸਲਿਮ ਫਿਰਕੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ। ਧਮਾਕੇ ਕਰਨ ਦਾ ਤਰੀਕਾ ਇਸਲਾਮਿਕ ਸਟੇਟ ਨਾਲ ਸਬੰਧਤ ਸੰਗਠਨ ਇਸਲਾਮਿਕ ਸਟੇਟ ਇਨ ਖੁਰਸਾਨ ਪ੍ਰੋਵਿੰਸ ਦੇ ਤਰੀਕੇ ਵਰਗਾ ਹੈ। ਉੱਤਰੀ ਮਜ਼ਾਰ ਏ ਸ਼ਰੀਫ ਹਸਪਤਾਲ ਦੇ ਡਾਕਟਰ ਘਵਸੂਦੀਨ ਅਨਵਰੀ ਨੇ ਦੱਸਿਆ ਕਿ ਉੱਤਰੀ ਮਜ਼ਾਰ ਏ ਸ਼ਰੀਫ ਵਿੱਚ ਚਾਰ ਧਮਾਕੇ ਹੋਏ ਜਿਨ੍ਹਾਂ ਵਿੱਚ 11 ਨਮਾਜ਼ੀਆਂ ਦੀ ਮੌਤ ਹੋ ਗਈ, ਜਦੋਂ 40 ਹੋਰ ਜ਼ਖ਼ਮੀ ਹੋਏ ਹਨ। ਇਕ ਧਮਾਕਾ ਦੋਕਨ ਸਸਜਿਦ ਵਿੱਚ ਨਮਾਜ਼ ਦੌਰਾਨ ਹੋਇਆ। ਉਧਰ, ਅੱਜ ਸਵੇਰੇ ਰਾਜਧਾਨੀ ਕਾਬੁਲ ਵਿੱਚ ਸੜਕ ਕਿਨਾਰੇ ਹੋਏ ਧਮਾਕੇ ਵਿੱਚ ਦੋ ਬੱਚੇ ਜ਼ਖ਼ਮੀ ਹੋ ਗਏ। ਤੀਜਾ ਧਮਾਕਾ ਉੱਤਰੀ ਕੁੰਦੂਜ ਸੂਬੇ ਵਿੱਚ ਹੋਇਆ। ਆਈਐੱਸ ਕੇ 2014 ਤੋਂ ਮੁਲਕ ਵਿੱਚ ਸਰਗਰਮ ਹੈ ਤੇ ਇਸ ਨੂੰ ਸੱਤਾ ’ਤੇ ਕਾਬਜ਼ਾ ਤਾਲਿਬਾਨ ਲਈ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ।

**11 ਵਿਅਕਤੀਆਂ ਦੀ ਮੌਤ ਹੋ ਗਈ ਤੇ 40 ਹੋਰ ਜ਼ਖ਼ਮੀ**





## ਮੋਬਾਈਲ ਫ਼ੋਨ ਨੇ ਬਚਾਈ ਯੂਕਰੇਨੀ ਫ਼ੌਜੀ ਦੀ ਜਾਨ

ਰੂਸ ਅਤੇ ਯੂਕਰੇਨ ਵਿਚਾਲੇ ਲਗਭਗ ਦੋ ਮਹੀਨਿਆਂ ਤੋਂ ਜੰਗ ਚੱਲ ਰਹੀ ਹੈ। 24 ਫਰਵਰੀ ਨੂੰ ਸ਼ੁਰੂ ਹੋਈ ਜੰਗ ਕਿਸੇ ਅੰਤ ਵੱਲ ਵਧਦੀ ਨਜ਼ਰ ਨਹੀਂ ਆ ਰਹੀ। ਦੋਵੇਂ ਦੇਸ਼ ਮਜ਼ਬੂਤੀ ਨਾਲ ਇਕ ਦੂਜੇ ਦਾ ਸਾਹਮਣਾ ਕਰ ਰਹੇ ਹਨ। ਜਿੱਥੇ ਰੂਸ ਨੇ ਯੂਕਰੇਨ ਦੇ ਕਈ ਸ਼ਹਿਰ ਤਬਾਹ ਕਰ ਦਿੱਤੇ ਹਨ। ਇਸ ਦੇ ਨਾਲ ਹੀ ਯੂਕਰੇਨ ਨੇ ਵੀ ਰੂਸ ਦੇ ਕੰਟਰੋਲ ਤੋਂ ਆਪਣੇ ਕੁਝ ਇਲਾਕੇ ਵਾਪਸ ਲੈ ਲਏ ਹਨ। ਦੋਵਾਂ ਦੇਸ਼ਾਂ ਦੇ ਵਿਨਾਸ਼ਕਾਰੀ ਯੁੱਧ ਦੀਆਂ ਕਈ ਤਸਵੀਰਾਂ ਅਤੇ ਵੀਡੀਓ ਇੰਟਰਨੈੱਟ @ਤੇ ਵਾਇਰਲ ਹਨ। ਇੱਕ ਹੈਰਾਨ ਕਰਨ ਵਾਲਾ ਵੀਡੀਓ ਕੁਝ ਦਿਨਾਂ ਤੋਂ ਕਾਫੀ ਦੇਖਣ ਨੂੰ ਮਿਲ ਰਿਹਾ ਹੈ। ਵੀਡੀਓ @ਚ ਇਕ ਯੂਕਰੇਨੀ ਫੌਜੀ ਆਪਣੀ ਜੇਬ @ਚੋਂ ਫੋਨ ਕੱਢਦਾ ਦਿਖਾਈ ਦੇ ਰਿਹਾ ਹੈ। ਸਿਪਾਹੀ ਦੇ ਫ਼ੋਨ ਵਿੱਚ ਗੋਲੀ ਲੱਗੀ ਹੈ। ਫੋਨ @ਚ ਗੋਲੀ ਲੱਗਣ ਕਾਰਨ ਫੌਜੀ ਦੀ ਜਾਨ ਬਚ ਗਈ।



## ਜਹਾਂਗੀਰਪੁਰੀ ਇਲਾਕੇ ’ਚ ਨਹੀਂ ਚੱਲੇਗਾ ਬੁਲਡੋਜ਼ਰ : ਐਸ. ਸੀ

**ਨਵੀਂ ਦਿੱਲੀ/ਲੋਕ ਬਾਣੀ:-** ਦਿੱਲੀ ਦੇ ਹਿੰਸਾ ਪ੍ਰਭਾਵਿਤ ਜਹਾਂਗੀਰਪੁਰੀ ਇਲਾਕੇ ’ਚ ਕਬਜ਼ਾ ਵਿਰੋਧੀ ਮੁਹਿੰਮ ਫ਼ਿਲਹਾਲ ਬੰਦ ਰਹੇਗੀ। ਸੁਪਰੀਮ ਕੋਰਟ ਨੇ ਅੱਜ ਇਸ ਮਾਮਲੇ ’ਚ ਸੁਣਵਾਈ ਕਰਦਿਆਂ ਕਿਹਾ ਕਿ ਬੁੱਧਵਾਰ ਨੂੰ ਜੋ ਹੁਕਮ ਜਾਰੀ ਕੀਤਾ ਸੀ, ਉਹ ਹੁਣ ਲਾਗੂ ਰਹੇਗਾ। ਕੋਰਟ ਨੇ ਕਿਹਾ ਕਿ ਜਹਾਂਗੀਰਪੁਰੀ ’ਚ ਸਥਿਤੀ ਜਿਵੇਂ ਦੀ ਤਿਵੇਂ ਬਣੀ ਰਹੇਗੀ। ਉੱਥੇ ਹੀ ਕੋਰਟ ਨੇ ਇਸ ਮਾਮਲੇ ’ਚ ਕੇਂਦਰ ਸਰਕਾਰ, ਦਿੱਲੀ ਸਰਕਾਰ, ਉੱਤਰੀ ਦਿੱਲੀ ਨਗਰ ਨਿਗਮ ਅਤੇ ਦਿੱਲੀ ਪੁਲਸ ਨੂੰ ਨੋਟਿਸ ਜਾਰੀ ਕੀਤਾ ਹੈ ਅਤੇ ਇਸ ’ਤੇ ਜਵਾਬ ਮੰਗਿਆ ਹੈ। ਇਸ ਮਾਮਲੇ ਦੀ ਸੁਣਵਾਈ ਹੁਣ 2 ਹਫ਼ਤਿਆਂ ਬਾਅਦ ਹੋਵੇਗੀ। ਅੱਜ ਸਵੇਰੇ ਸੁਣਵਾਈ ਦੌਰਾਨ ਕਪਿਲ ਸਿੱਬਲ ਨੇ ਕਿਹਾ ਕਿ ਕਬਜ਼ਾ ਵਿਰੋਧੀ ਮੁਹਿੰਮ ਨੂੰ ਮੁੱਦਾ ਬਣਾਇਆ ਜਾ ਰਿਹਾ ਹੈ, ਅਸੀਂ ਚਾਹੁੰਦੇ ਹਾਂ ਕਿ ਕਾਰਵਾਈ ’ਤੇ ਰੋਕ ਲੱਗੇ।



## ਮੁੱਖ ਮੰਤਰੀ ਭਗਵੰਤ ਮਾਨ ਦੇ ਮਾਤਾ ਹਰਪਾਲ ਕੌਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਏ ਨਤਮਸਤਕ



**ਬਟਾਲਾ/ਲੋਕ ਬਾਣੀ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਹਰਪਾਲ ਕੌਰ ਬੀਤੇ ਦਿਨੀਂ ਆਪਣੀ ਨਜ਼ਦੀਕੀ ਸੰਗਤ ਨਾਲ ਰੇਲ ਸਫ਼ਰ ਰਾਹੀਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਪਹੁੰਚੇ। ਜਿੱਥੇ ਪੰਜਾਬੀਆਂ ਅਤੇ ਸਥਾਨਕ ਭਾਈਚਾਰੇ ਵੱਲੋਂ ਰੇਲਵੇ ਸਟੇਸ਼ਨ ’ਤੇ ਮਾਤਾ ਹਰਪਾਲ ਕੌਰ ਦਾ ਭਰਵਾਂ ਸੁਵਾਗਤ ਅਤੇ ਸਨਮਾਨ ਕੀਤਾ ਗਿਆ। ਉਪੰਰਤ ਉਹ ਸੰਤ ਬਾਬਾ ਨਿਧਾਨ ਸਿੰਘ ਜੀ ਦੇ ਗੁਰਦੁਆਰਾ ਲੰਗਰ ਸਾਹਿਬ ਹਜ਼ੂਰ ਸਾਹਿਬ ਵਿਖੇ ਪਹੁੰਚੇ ਅਤੇ ਬਾਬਾ ਬੁੱਢਾ ਸਾਹਿਬ ਜੀ ਐੱਨ. ਆਰ. ਆਈ. ਸਰਾਂ ਗੁਰਦੁਆਰਾ ਲੰਗਰ ਸਾਹਿਬ ਵਿਖੇ ਰੈਣ ਬਸੇਰਾ ਕੀਤਾ। ਦੱਸਣਯੋਗ ਹੈ ਕਿ ਮਾਤਾ ਹਰਪਾਲ ਕੌਰ ਨੇ ਇਕ ਸਾਧਾਰਨ ਗੁਰੂਘਰ ਦੇ ਸੇਵਾਦਾਰਾਂ ਵਾਂਗ ਗੁਰਦੁਆਰਾ ਲੰਗਰ ਸਾਹਿਬ ਵਿਖੇ ਗੁਰੂਘਰ ਦੇ ਲੰਗਰਾਂ ’ਚ ਬਰਤਨਾਂ ਦੀ ਸੇਵਾ ਕੀਤੀ ਅਤੇ ਪੰਗਤ ਵਿਚ ਬੈਠ ਕੇ ਸੰਗਤ ਦੇ ਨਾਲ ਪ੍ਰਸ਼ਾਦਾ ਵੀ ਛਕਿਆ। ਇਸ ਦੌਰਾਨ ਗੁਰਦੁਆਰਾ ਲੰਗਰ ਸਾਹਿਬ ਦੇ ਮੁੱਖ ਸੇਵਾਦਾਰ ਕਾਰਸੇਵਾ ਮੁਖੀ ਸੰਤ ਬਾਬਾ ਨਰਿੰਦਰ ਸਿੰਘ ਅਤੇ ਸੰਤ ਬਾਬਾ ਬਲਵਿੰਦਰ ਸਿੰਘ ਨੇ ਮਾਤਾ ਹਰਪਾਲ ਕੌਰ ਨੂੰ ਆਸ਼ੀਰਵਾਦ ਦਿੰਦਿਆਂ ਜਿੱਥੇ ਰੂਹਾਨੀਅਤ ਦੇ ਨਾਲ ਸਬੰਧਿਤ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ, ਉਥੇ ਨਾਲ ਹੀ ਕਾਰਸੇਵਾ ਵਾਲੇ ਮਹਾਪੁਰਸ਼ਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਮਾਤਾ ਹਰਪਾਲ ਕੌਰ ਅਤੇ ਉਨ੍ਹਾਂ ਦੇ ਨਾਲ ਪਹੁੰਚੇ ਹੋਰ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਸਮੇਤ ਸੰਗਤਾਂ ਨੂੰ ਗੁਰੂਘਰ ਦੀ ਪ੍ਰਚੱਲਿਤ ਮਰਿਯਾਦਾ ਅਨੁਸਾਰ ਸਨਮਾਨਿਤ ਵੀ ਕੀਤਾ।

## ਟਰੈਕਟਰ-ਟਰਾਲੀ ਨਹਿਰ ’ਚ ਡਿੱਗੀਣ ਕਾਰਨ ਦੋ ਬੱਚਿਆਂ ਸਮੇਤ 3 ਮਰੇ



**ਭਿੰਡ/ਲੋਕ ਬਾਣੀ-** ਮੱਧ ਪ੍ਰਦੇਸ਼ ਦੇ ਭਿੰਡ ਜ਼ਿਲ੍ਹੇ ਦੇ ਪਿੰਡ ਨੌਨੇਰਾ ’ਚ ਸਿੰਚਾਈ ਨਹਿਰ ’ਚ ਬੀਤੀ ਰਾਤ ਬਰਾਤੀਆਂ ਨਾਲ ਭਰੀ ਟਰੈਕਟਰ-ਟਰਾਲੀ ਪਲਟ ਗਈ। ਇਸ ਹਾਦਸੇ ’ਚ 3 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ’ਚ 2 ਬੱਚੇ ਵੀ ਸ਼ਾਮਲ ਹਨ। ਇਸ ਹਾਦਸੇ ’ਚ ਕਈ ਲੋਕ ਜ਼ਖਮੀ ਵੀ ਹੋਏ ਹਨ। ਪੁਲਸ ਨੇ ਦੱਸਿਆ ਕਿ ਇਹ ਹਾਦਸਾ ਜ਼ਿਲ੍ਹੇ ਦੇ ਨੌਨੇਰਾ ਪਿੰਡ ਕੋਲ ਬੁੱਧਵਾਰ ਅਤੇ ਵੀਰਵਾਰ ਦੀ ਦਰਮਿਆਨੀ ਰਾਤ ਨੂੰ ਵਾਪਰਿਆ। ਥਾਣਾ ਮੁਖੀ ਵਿਨੋਦ ਸਿੰਘ ਕੁਸ਼ਵਾਹਾ ਨੇ ਦੱਸਿਆ ਕਿ ਸਾਰੇ ਲੋਕ ਟਰੈਕਟਰ-ਟਰਾਲੀ ’ਤੇ ਸਵਾਰ ਹੋ ਕੇ ਵਿਆਹ ਸਮਾਰੋਹ ’ਚ ਨਾਗੌਰ ਜਾ ਰਹੇ ਸਨ। ਨੌਨੇਰਾ ਪਿੰਡ ਕੋਲ ਨਸ਼ੇ ’ਚ ਧੁਤ ਡਰਾਈਵਰ ਨੇ ਵਾਹਨ ਤੋਂ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਇਹ ਹਾਦਸਾ ਵਾਪਰ ਗਿਆ।

## ਵਿਧਾਇਕ ਜਿਗਨੇਸ਼ ਮੇਵਾਨੀ ਨੂੰ ਗ੍ਰਿਫ਼ਤਾਰ ਕਰਕੇ ਅਸਾਮ ਪੁੱਜੀ ਪੁਲੀਸ





**ਅਹਿਮਦਾਬਾਦ/ਲੋਕ ਬਾਣੀ**

ਅਸਾਮ ਪੁਲੀਸ ਨੇ ਗੁਜਰਾਤ ਦੇ ਵਿਧਾਇਕ ਜਿਗਨੇਸ਼ ਮੇਵਾਨੀ ਨੂੰ ਬੁੱਧਵਾਰ ਦੇਰ ਰਾਤ ਟਵੀਟ ਦੇ ਸਬੰਧ ਵਿੱਚ ਸੂਬੇ ਦੇ ਪਾਲਨਪੁਰ ਸ਼ਹਿਰ ਤੋਂ ਗ੍ਰਿਫ਼ਤਾਰ ਕਰ ਲਿਆ। ਅਧਿਕਾਰੀਆਂ ਨੇ ਅੱਜ ਦੱਸਿਆ ਕਿ ਮੇਵਾਨੀ ਨੂੰ ਵੀਰਵਾਰ ਤੜਕੇ ਹਵਾਈ ਜਹਾਜ਼ ਰਾਹੀਂ ਅਸਾਮ ਭੇਜ ਦਿੱਤਾ। ਉਨ੍ਹਾਂ ਨੂੰ ਪਹਿਲਾਂ ਗੁਹਾਟੀ ਲਿਆਂਦਾ ਗਿਆ, ਫਿਰ ਕੋਕਰਾਝਾੜ ਲਿਜਾਇਆ ਗਿਆ। ਮੇਵਾਨੀ ਦੇ ਸਹਿਯੋਗੀ ਸੁਰੇਸ਼ ਜਾਟ ਨੇ ਦੱਸਿਆ ਕਿ ਗੁਜਰਾਤ ਦੇ ਉੱਘੇ ਦਲਿਤ ਨੇਤਾ ਮੇਵਾਨੀ ਨੂੰ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 153ਏ ਤਹਿਤ ਐੱਫਆਈਆਰ ਦਰਜ ਹੋਣ ਤੋਂ ਤੁਰੰਤ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਕੇਸ ਅਸਾਮ ਦੇ ਕੋਕਰਾਝਾਰ ਥਾਣੇ ’ਚ ਦਰਜ ਕੀਤੀ ਗਈ ਹੈ। ਸ੍ਰੀ ਜਾਟ ਨੇ ਕਿਹਾ, ‘ਅਸਾਮ ਪੁਲੀਸ ਅਧਿਕਾਰੀਆਂ ਵੱਲੋਂ ਸਾਂਝੇ ਕੀਤੇ ਦਸਤਾਵੇਜ਼ ਅਨੁਸਾਰ ਮੇਵਾਨੀ ਦੇ ਕੁਝ ਦਿਨ ਪੁਰਾਣੇ ਟਵੀਟ ਦੇ ਅਧਾਰ @ਤੇ ਐੱਫਆਈਆਰ ਦਰਜ ਕੀਤੀ ਗਈ ਹੈ। ਹਾਲਾਂਕਿ ਇਸ ਟਵੀਟ ਨੂੰ ਟਵਿੱਟਰ ਨੇ ਹਟਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਹ ਟਵੀਟ ਨਾਥੂਰਾਮ ਗੋਡਸੇ ਬਾਰੇ ਸੀ। ਸ੍ਰੀ ਜਾਟ ਮੁਤਾਬਕ ਮੇਵਾਨੀ ਨੂੰ ਪਹਿਲਾਂ ਪਾਲਨਪੁਰ ਤੋਂ ਅਹਿਮਦਾਬਾਦ ਸੜਕ ਰਾਹੀਂ ਲਿਆਂਦਾ ਗਿਆ ਅਤੇ ਫਿਰ ਵੀਰਵਾਰ ਸਵੇਰੇ ਹਵਾਈ ਜਹਾਜ਼ ਰਾਹੀਂ ਅਸਾਮ ਲਿਜਾਇਆ ਗਿਆ। ਮੇਵਾਨੀ ਬਨਾਸਕਾਂਠਾ ਦੀ ਵਡਗਾਮ ਸੀਟ ਤੋਂ ਆਜ਼ਾਦ ਵਿਧਾਇਕ ਚੁਣੇ ਗਏ ਸਨ। ਉਹ ਹਾਲ ਹੀ ਵਿੱਚ ਕਾਂਗਰਸ ਵਿੱਚ ਸ਼ਾਮਲ ਹੋਏ ਹਨ। ਮੇਵਾਨੀ ਦੇ ਦਫਤਰ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਅਸਾਮ ਪੁਲੀਸ ਨੇ ਉਨ੍ਹਾਂ ਨੂੰ ਬੁੱਧਵਾਰ ਰਾਤ 11.30 ਵਜੇ ਪਾਲਨਪੁਰ ਸਰਕਟ ਹਾਊਸ ਤੋਂ ਗ੍ਰਿਫ਼ਤਾਰ ਕੀਤਾ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਹਰਿਆਣਾ ’ਚ ਅੰਦਰੂਨੀ ਕਲੇਸ਼ ਵਿਚਾਲੇ ਕਾਂਗਰਸ ਮਜ਼ਬੂਤ, 14 ਲੱਖ ਮੈਂਬਰ ਪਾਰਟੀ ’ਚ ਸ਼ਾਮਲ

**ਨਵੀਂ ਦਿੱਲੀ/ਲੋਕ ਬਾਣੀ**

ਹਰਿਆਣਾ @ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਨੇ ਜ਼ੋਰ ਫੜ ਲਿਆ ਹੈ। ਪਾਰਟੀ ਅੰਦਰ ਚੱਲ ਰਹੀ ਕਲੇਸ਼ ਦਰਮਿਆਨ ਕਾਂਗਰਸ ਨੇ ਆਪਣੀ ਮੈਂਬਰਸ਼ਿਪ ਮੁਹਿੰਮ ਵਿੱਚ 14 ਲੱਖ ਮੈਂਬਰਾਂ ਨੂੰ ਸ਼ਾਮਲ ਕੀਤਾ ਹੈ।ਜਿੱਥੇ ਭਾਜਪਾ ਅਤੇ ਆਮ ਆਦਮੀ ਪਾਰਟੀ (ਆਪ) ਆਪਣੀ ਰਣਨੀਤੀ ਬਣਾ ਰਹੀਆਂ ਹਨ, ਉਥੇ ਕਾਂਗਰਸ ਨੇ ਲੱਖਾਂ ਮੈਂਬਰ ਆਪਣੀ ਮੁਹਿੰਮ ਵਿੱਚ ਸ਼ਾਮਲ ਕੀਤੇ ਹਨ। ਕਾਂਗਰਸ ਨੇ ਹਰਿਆਣਾ ਨੂੰ ਮਜ਼ਬੂਤ ਕਰਨ ਲਈ ਸਾਢੇ ਚਾਰ ਸਾਲ ਤੋਂ ਵੱਧ ਸਮੇਂ



ਬਾਅਦ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਸੀ, ਜੋ 15 ਅਪ੍ਰੈਲ ਨੂੰ ਸਮਾਪਤ ਹੋ ਗਈ।

ਦਿ ਇੰਡੀਅਨ ਐਕਸਪ੍ਰੈਸ ਦੀ ਖ਼ਬਰ ਮੁਤਾਬਕ ਹਰਿਆਣਾ ਦੇ ਇੰਚਾਰਜ ਵਿਵੇਕ ਬਾਂਸਲ ਨੇ ਦੱਸਿਆ ਕਿ ਕਾਂਗਰਸ ਦੀ ਮੈਂਬਰਸ਼ਿਪ ਮੁਹਿੰਮ ਦੌਰਾਨ ਕਰੀਬ 14 ਲੱਖ ਮੈਂਬਰਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ ਹੈ। ਜਿਸ ਵਿੱਚ ਘੱਟੋ-ਘੱਟ ਸੱਤ ਲੱਖ ਡਿਜ਼ੀਟਲ ਮੈਂਬਰਾਂ ਦਾ ਪਤਾ ਲਗਾਇਆ ਗਿਆ ਸੀ ਅਤੇ ਇੰਨੇ ਹੀ ਮੈਂਬਰਾਂ ਦੀ ਹਾਰਡ ਕਾਪੀ ਡੇਟਾ ਵਿੱਚ ਆਵੇਗਾ। ਵਿਵੇਕ ਬਾਂਸਲ ਨੇ ਕਿਹਾ ਕਿ ਸਾਢੇ ਚਾਰ ਸਾਲ ਤੋਂ ਵੱਧ ਸਮੇਂ ਬਾਅਦ ਅਸੀਂ ਇਹ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਇਸ ਦੌਰਾਨ ਬਹੁਤ ਵਧੀਆ ਹੁੰਗਾਰਾ ਮਿਲਿਆ ਹੈ। ਕਾਂਗਰਸੀ ਆਗੂ ਨੇ ਕਿਹਾ ਕਿ ਪਾਰਟੀ ਨੇ ਚੋਣਾਂ ਲਈ ਆਪਣੀਆਂ ਜਥੇਬੰਦਕ ਚੋਣਾਂ ਦਾ ਪ੍ਰੋਗਰਾਮ ਤਿਆਰ ਕਰ ਲਿਆ ਹੈ। ਪਹਿਲੇ ਪੜਾਅ ਵਿੱਚ ਪ੍ਰਾਇਮਰੀ ਅਤੇ ਬਲਾਕ ਪ੍ਰਧਾਨਾਂ ਅਤੇ ਕਾਰਜਕਾਰਨੀ ਕਮੇਟੀਆਂ ਦੀ ਚੋਣ ਕੀਤੀ ਜਾਣੀ ਹੈ। ਫਿਰ ਬਲਾਕ ਕਮੇਟੀਆਂ ਪ੍ਰਦੇਸ਼ ਕਾਂਗਰਸ ਕਮੇਟੀ (ਪੀ.ਸੀ.ਸੀ.) ਦੇ ਮੈਂਬਰਾਂ ਦੀ ਚੋਣ ਕਰਨਗੀਆਂ, ਜੋ ਕਿ 31 ਮਈ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। 21 ਜੁਲਾਈ ਤੋਂ 20 ਅਗਸਤ ਦਰਮਿਆਨ ਪਾਰਟੀ ਦੀਆਂ ਜ਼ਿਲ੍ਹਾ ਕਮੇਟੀਆਂ ਆਪਣੇ ਪ੍ਰਧਾਨ, ਮੀਤ ਪ੍ਰਧਾਨ, ਖ਼ਜ਼ਾਨਚੀ ਅਤੇ ਕਾਰਜਕਾਰਨੀ ਕਮੇਟੀਆਂ ਦੀ ਚੋਣ ਕਰਨਗੀਆਂ।

## ਮੋਰਿੰਡਾ ਵਿਖੇ ਵਾਪਰੇ ਦਰਦਨਾਕ ਹਾਦਸੇ ’ਚ 12ਵੀਂ ਜਮਾਤ ਦੀ ਵਿਦਿਆਰਥਣ ਦੀ ਮੌਤ

**ਮੋਰਿੰਡਾ/ਲੋਕ ਬਾਣੀ:** ਮੋਰਿੰਡਾ ਵਿਖੇ ਮਹਾਰਾਣਾ ਪ੍ਰਤਾਪ ਚੌਂਕ ਦੇ ਕੋਲ ਸੋਨੀ ਮੋਟਰਜ਼ ਦੇ ਨੇੜੇ ਇਕ ਟਰੱਕ ਅਤੇ ਮੋਟਰਸਾਈਕਲ @ਚ ਹੋਏ ਦਰਦਨਾਕ ਹਾਦਸੇ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੱਖੋਮਾਜਰਾ ਵਿਖੇ ਰੋਲ ਨੰਬਰ ਲੈਣ ਜਾ ਰਹੀ ਵਿਦਿਆਰਥਣ ਦੀ ਮੌਤ ਹੋ ਗਈ। ਇਸ ਸਬੰਧੀ ਮੋਰਿੰਡਾ ਪੁਲਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੌਕੇ ’ਤੇ ਪਹੁੰਚੇ ਤਫਤੀਸ਼ੀ ਅਫ਼ਸਰ ਏ. ਐੱਸ. ਆਈ. ਸੋਹਣ ਸਿੰਘ ਨੇ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੱਖੋਮਾਜਰਾ ਵਿਖੇ 12ਵੀਂ ਜਮਾਤ @ਚ ਪੜ੍ਹਦੀ ਪਿੰਡ ਅਰਨੌਲੀ ਦੀ ਇਕ ਵਿਦਿਆਰਥਣ ਪਰਮਪ੍ਰੀਤ ਕੌਰ ਪੁੱਤਰੀ ਹਰਦੀਪ ਸਿੰਘ ਸਕੂਲ ਵਿਖੇ ਆਪਣਾ ਰੋਲ ਨੰਬਰ ਲੈਣ ਜਾ ਰਹੀ ਸੀ ਕਿ ਉਕਤ ਹਾਦਸਾ ਵਾਪਰ ਗਿਆ। ਉਨ੍ਹਾਂ ਦੱਸਿਆ ਕਿ ਹਾਦਸੇ ਤੋਂ ਬਾਅਦ ਜਦੋਂ ਟਰੱਕ ਚਾਲਕ ਨਾ ਰੁਕਿਆ ਤਾਂ ਲੋਕਾਂ ਨੇ ਉਸ ਨੂੰ ਅੱਗੇ ਜਾ ਕੇ ਕਾਬੂ ਕਰ ਲਿਆ। ਉਧਰ ਇਸ ਸਬੰਧੀ ਸੌਦਾਗਰ ਸਿੰਘ ਵਾਸੀ ਅਰਨੌਲੀ ਨੇ ਦੱਸਿਆ ਕਿ ਉਹ ਆਪਣੀ ਬੇਟੀ ਅਤੇ ਪਰਮਪ੍ਰੀਤ ਕੌਰ ਨੂੰ ਮੋਟਰਸਾਈਕਲ ’ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੱਖੋਮਾਜਰਾ ਲੈ ਕੇ ਜਾ ਰਿਹਾ ਸੀ ਕਿ ਮਹਾਰਾਣਾ ਪ੍ਰਤਾਪ ਚੌਂਕ ਤੋਂ ਅੱਗੇ ਸੋਨੀ ਮੋਟਰਜ਼ ਦੇ ਨੇੜੇ ਇਕ ਟਰੱਕ ਨੰਬਰ ਪੀ ਬੀ 12 ਐੱਚ 6390 ਨਾਲ ਹੋਏ ਹਾਦਸੇ @ਚ ਪਰਮਪ੍ਰੀਤ ਕੌਰ ਦੀ ਮੌਕੇ ’ਤੇ ਹੀ ਮੌਤ ਹੋ ਗਈ। ਏ. ਐੱਸ. ਆਈ. ਸੋਹਣ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੌਕੇ ’ਤੇ ਪਹੁੰਚ ਕੇ ਟਰੱਕ ਚਾਲਕ ਅਤੇ ਹਾਦਸਾਗ੍ਰਸਤ ਵਾਹਨ ਕਬਜ਼ੇ ਵਿਚ ਲੈ ਲਿਆ ਹੈ। ਲਾਸ਼ ਪੋਸਟਮਾਰਟਮ ਲਈ ਭੇਜ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਬਾਰਾਮੂਲਾ ’ਚ ਮੁਕਾਬਲੇ ਦੌਰਾਨ ਲਸ਼ਕਰ ਦਾ 1 ਅੱਤਵਾਦੀ ਢੇਰ, ਮੁਕਾਬਲੇ ’ਚ 3 ਜਵਾਨ ਤੇ ਇੱਕ ਨਾਗਰਿਕ ਜ਼ਖਮੀ



**ਜੰਮੂ-ਕਸ਼ਮੀਰ/ਲੋਕ ਬਾਣੀ**

ਜੰਮੂ-ਕਸ਼ਮੀਰ ਦੇ ਬਾਰਾਮੂਲਾ @ਚ ਸੁਰੱਖਿਆ ਬਲਾਂ ਤੇ ਅੱਤਵਾਦੀਆਂ ਵਿਚਾਲੇ ਮੁੱਠਭੇੜ ਜਾਰੀ ਹੈ। ਪੁਲਿਸ ਤੇ ਸੁਰੱਖਿਆ ਬਲਾਂ ਦੀ ਸਾਂਝੀ ਟੀਮ ਨੇ ਇਲਾਕੇ ਦੀ ਘੇਰਾਬੰਦੀ ਕਰ ਲਈ ਹੈ। ਖਾਸ ਖ਼ੁਫ਼ੀਆ ਸੂਚਨਾ ਦੇ ਆਧਾਰ @ਤੇ ਪੁਲਿਸ ਤੇ ਸੁਰੱਖਿਆ ਬਲਾਂ ਦੀ ਟੀਮ ਵੱਲੋਂ ਸਾਂਝੀ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਇਸ ਦੌਰਾਨ ਅੱਤਵਾਦੀਆਂ ਵੱਲੋਂ ਗੋਲੀਬਾਰੀ ਕੀਤੀ ਗਈ।

ਦੱਸ ਦਈਏ ਕਿ ਸੁਰੱਖਿਆ ਬਲਾਂ ਤੇ ਅੱਤਵਾਦੀਆਂ ਵਿਚਾਲੇ ਇਹ ਮੁਕਾਬਲਾ ਬਾਰਾਮੂਲਾ ਦੇ ਮਾਲਵਾਹ ਇਲਾਕੇ @ਚ ਹੋ ਰਿਹਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਮੁਕਾਬਲੇ ਦੌਰਾਨ ਸੁਰੱਖਿਆ ਬਲਾਂ ਦੇ ਤਿੰਨ ਜਵਾਨ ਜ਼ਖ਼ਮੀ ਹੋ ਗਏ। ਇਸ ਦੌਰਾਨ ਇੱਕ ਨਾਗਰਿਕ ਦੇ ਜ਼ਖ਼ਮੀ ਹੋਣ ਦੀ ਵੀ ਸੂਚਨਾ ਸਾਹਮਣੇ ਆਈ ਹੈ।

ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਉੱਤਰੀ ਕਸ਼ਮੀਰ ਦੇ ਬਾਰਾਮੂਲਾ ਦੇ ਮਾਲਵਾਹ ਇਲਾਕੇ @ਚ ਅੱਤਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਸੁਰੱਖਿਆ ਬਲਾਂ ਨੇ ਉੱਥੇ ਘੇਰਾਬੰਦੀ ਤੇ ਤਲਾਸ਼ੀ ਮੁਹਿੰਮ ਚਲਾਈ। ਉਨ੍ਹਾਂ ਕਿਹਾ ਕਿ ਅੱਤਵਾਦੀਆਂ ਵੱਲੋਂ ਸੁਰੱਖਿਆ ਬਲਾਂ @ਤੇ ਗੋਲੀਬਾਰੀ ਕਰਨ ਤੋਂ ਬਾਅਦ ਤਲਾਸ਼ੀ ਮੁਹਿੰਮ ਮੁਕਾਬਲੇ @ਚ ਬਦਲ ਗਈ। ਸੁਰੱਖਿਆ ਬਲਾਂ ਵੱਲੋਂ ਅੱਤਵਾਦੀਆਂ ਨੂੰ ਮੂੰਹ-ਤੋੜ ਜਵਾਬ ਦਿੱਤਾ ਜਾ ਰਿਹਾ ਹੈ।

ਜੰਮੂ-ਕਸ਼ਮੀਰ ਪੁਲਿਸ ਨੇ ਕਸ਼ਮੀਰ ਜ਼ੋਨ ਦੇ ਆਈਜੀ ਵਿਜੇ ਕੁਮਾਰ ਦੇ ਹਵਾਲੇ ਨਾਲ ਟਵੀਟ ਕੀਤਾ, ÷ਮੁੱਠਭੇੜ ਦਾ ਸਹੀ ਸਥਾਨ ਮਾਲਵਾਹ ਖੇਤਰ ਹੈ। ਸ਼ੁਰੂਆਤੀ ਗੋਲੀਬਾਰੀ ਵਿੱਚ ਤਿੰਨ ਸੈਨਿਕਾਂ ਅਤੇ ਇੱਕ ਨਾਗਰਿਕ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਆਪ੍ਰੇਸ਼ਨ ਜਾਰੀ ਹੈ।

ਹਾਸਲ ਜਾਣਕਾਰੀ ਮੁਤਾਬਕ ਸੁਰੱਖਿਆ ਬਲ ਜਿਵੇਂ ਹੀ ਅੱਤਵਾਦੀਆਂ ਦੇ ਲੁਕਣ ਦੀ ਥਾਂ @ਤੇ ਪਹੁੰਚੇ ਤਾਂ ਅਚਾਨਕ ਗੋਲੀਬਾਰੀ ਸ਼ੁਰੂ ਹੋ ਗਈ। ਸੁਰੱਖਿਆ ਬਲਾਂ ਦੇ ਜਵਾਨ ਅੱਤਵਾਦੀਆਂ ਦੀ ਗੋਲੀਬਾਰੀ ਦੀ ਲਪੇਟ @ਚ ਆ ਗਏ, ਜਿਸ @ਚ ਤਿੰਨ ਜਵਾਨਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਕਸ਼ਮੀਰ ਜ਼ੋਨ ਪੁਲਿਸ ਮੁਤਾਬਕ, ਬਡਗਾਮ ਪੁਲਿਸ ਅਤੇ ਸੈਨਾ ਸਥਿਤੀ ਨੂੰ ਕਾਬੂ ਕਰਨ ਲਈ ਮਿਲ ਕੇ ਕੰਮ ਕਰ ਰਹੇ ਹਨ। ਫਿਲਹਾਲ ਦੋਵਾਂ ਪਾਸਿਆਂ ਤੋਂ ਫਾਈਰਿੰਗ ਚੱਲ ਰਹੀ ਹੈ।

## ਇੱਕ ਦਿਨ ’ਚ ਕੋਰੋਨਾ ਐਕਟਿਵ ਕੇਸਾਂ ’ਚ 15 ਫੀਸਦੀ ਉਛਾਲ, 2380 ਨਵੇਂ ਕੇਸ, 56 ਮੌਤਾਂ



ਭਾਰਤ ਵਿੱਚ ਕੋਰੋਨਾ ਦੇ ਮਾਮਲਿਆਂ ਵਿੱਚ ਇੱਕ ਵਾਰ ਫਿਰ 15 ਫੀਸਦੀ ਦਾ ਉਛਾਲ ਆਇਆ ਹੈ। ਵੀਰਵਾਰ ਨੂੰ ਦੇਸ਼ @ਚ ਪਿਛਲੇ 24 ਘੰਟਿਆਂ @ਚ ਕੋਰੋਨਾ ਦੇ 2,380 ਨਵੇਂ ਮਾਮਲੇ ਦਰਜ ਕੀਤੇ ਗਏ। ਦੇਸ਼ ਵਿਆਪੀ ਟੀਕਾਕਰਨ ਮੁਹਿੰਮ ਤਹਿਤ ਹੁਣ ਤੱਕ 187.07 ਕਰੋੜ ਟੀਕੇ ਦੀਆਂ ਖੁਰਾਕਾਂ ਦਿੱਤੀਆਂ ਜਾ ਚੁੱਕੀਆਂ ਹਨ। ਇਸ ਸਮੇਂ ਦੇਸ਼ ਵਿੱਚ ਐਕਟਿਵ ਕੇਸ 13,433 ਹਨ। ਰਿਕਵਰੀ ਦਰ ਵਰਤਮਾਨ ਵਿੱਚ 98.76% ਹੈ।

ਇਸ ਦੇ ਨਾਲ ਹੀ ਪਿਛਲੇ 24 ਘੰਟਿਆਂ ਵਿੱਚ 1,231 ਲੋਕ ਕੋਰੋਨਾ ਤੋਂ ਠੀਕ ਹੋਏ ਹਨ। ਇਸ ਦੇ ਨਾਲ ਹੀ ਕੋਰੋਨਾ ਤੋਂ ਠੀਕ ਹੋਣ ਵਾਲੇ ਲੋਕਾਂ ਦੀ ਗਿਣਤੀ 4,25,14,479 ਹੋ ਗਈ ਹੈ। ਪਿਛਲੇ 24 ਘੰਟਿਆਂ ਵਿੱਚ 56 ਲੋਕਾਂ ਦੀ ਕੋਰੋਨਾ ਕਾਰਨ ਮੌਤ ਹੋ ਗਈ ਹੈ। ਰੋਜ਼ਾਨਾ ਪੌਜ਼ੇਟੀਵਿਟੀ ਰੇਟ 0.53% ਹੈ। ਹਫਤਾਵਾਰੀ ਪੌਜ਼ੇਟੀਵਿਟੀ ਦਰ 0.43% ਹੈ। ਹੁਣ ਤੱਕ 83.33 ਕਰੋੜ ਕੋਰੋਨਾ ਟੈਸਟ ਕੀਤੇ ਜਾ ਚੁੱਕੇ ਹਨ। ਪਿਛਲੇ 24 ਘੰਟਿਆਂ ਵਿੱਚ 4,49,114 ਕੋਰੋਨਾ ਟੈਸਟ ਕੀਤੇ ਗਏ ਹਨ। ਦਿੱਲੀ ਵਿੱਚ ਕੋਰੋਨਾ ਦੀ ਰਫ਼ਤਾਰ ਜਾਰੀ ਹੈ। ਰਾਜਧਾਨੀ @ਚ ਪਿਛਲੇ 24 ਘੰਟਿਆਂ @ਚ ਕੋਰੋਨਾ ਦੇ 1,009 ਮਾਮਲੇ ਸਾਹਮਣੇ ਆਏ ਹਨ। ਇੱਕ ਵਿਅਕਤੀ ਦੀ ਮੌਤ ਵੀ ਹੋਈ ਹੈ। ਕੱਲ੍ਹ ਦਿੱਲੀ ਵਿੱਚ ਕੋਰੋਨਾ ਦੇ 601 ਮਾਮਲੇ ਦਰਜ ਕੀਤੇ ਗਏ ਸੀ। ਪਿਛਲੇ ਕਈ ਦਿਨਾਂ ਤੋਂ ਦਿੱਲੀ @ਚ ਕੋਰੋਨਾ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। ਦਿੱਲੀ ਵਿੱਚ ਸੰਕਰਮਣ ਦੀ ਦਰ 5.70% ਤੱਕ ਪਹੁੰਚ ਗਈ ਹੈ। ਹੁਣ ਚਿੰਤਾ ਦੀ ਗੱਲ ਇਹ ਹੈ ਕਿ 10 ਫਰਵਰੀ ਤੋਂ ਬਾਅਦ ਇੱਕ ਵਾਰ ਫਿਰ ਰਾਜਧਾਨੀ ਵਿੱਚ ਕੇਸ ਹਜ਼ਾਰ ਤੋਂ ਪਾਰ ਕਰ ਗਏ ਹਨ।

ਹਰਿਆਣਾ ਵਿੱਚ ਵੀ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਇੱਥੇ ਪਿਛਲੇ 24 ਘੰਟਿਆਂ ਵਿੱਚ ਕੋਰੋਨਾ ਦੇ 310 ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਚੋਂ 225 ਮਾਮਲੇ ਗੁਰੂਗ੍ਰਾਮ ਵਿੱਚ ਪਾਏ ਗਏ। ਇਸ ਤੋਂ ਪਹਿਲਾਂ ਸੋਮਵਾਰ ਨੂੰ ਹਰਿਆਣਾ ਸਰਕਾਰ ਨੇ ਗੁਰੂਗ੍ਰਾਮ ਸਮੇਤ ਚਾਰ ਜ਼ਿਲ੍ਹਿਆਂ ਵਿੱਚ ਮਾਸਕ ਲਾਜ਼ਮੀ ਕਰ ਦਿੱਤਾ ਹੈ। ਹਰਿਆਣਾ ਦੇ ਫਰੀਦਾਬਾਦ ਵਿੱਚ 67 ਮਾਮਲੇ ਸਾਹਮਣੇ ਆਏ ਹਨ। ਸੂਬੇ ਵਿੱਚ ਐਕਟਿਵ ਕੇਸਾਂ ਦੀ ਗਿਣਤੀ ਵੱਧ ਕੇ 1252 ਹੋ ਗਈ ਹੈ।

## ਘਰੇਲੂ ਪ੍ਰੇਸ਼ਾਨੀ ਦੇ ਚਲਦਿਆਂ ਵਿਅਕਤੀ ਨੇ ਜ਼ਹਿਰੀਲੀ ਦਵਾਈ ਨਿਗਲ ਕੀਤੀ ਖ਼ੁਦਕੁਸ਼ੀ

**ਬਟਾਲਾ/ਲੋਕ ਬਾਣੀ** – ਘਰੇਲੂ ਪ੍ਰੇਸ਼ਾਨੀ ਦੇ ਚਲਦਿਆਂ ਇਕ ਵਿਅਕਤੀ ਵਲੋਂ ਜ਼ਹਿਰ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਮਿਲੀ ਜਾਣਕਾਰੀ ਮੁਤਾਬਕ ਗੁਰਵਿੰਦਰ ਪੁੱਤਰ ਹੰਸ ਰਾਜ ਵਾਸੀ ਅਲੀਵਾਲ ਪਿਛਲੇ ਕਾਫੀ ਸਮੇਂ ਤੋਂ ਘਰੇਲੂ ਪ੍ਰੇਸ਼ਾਨੀ ਦੇ ਚਲਦਿਆਂ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਰਹਿੰਦਾ ਸੀ। ਇਸੇ ਪਰੇਸ਼ਾਨੀ ਦੇ ਚੱਲਦੇ ਉਸ ਨੇ ਅੱਜ ਘਰ ਵਿਚ ਪਈ ਕੋਈ ਜ਼ਹਿਰੀਲੀ ਦਵਾਈ ਖਾ ਲਈ, ਜਿਸ ਨਾਲ ਇਸ ਦੀ ਹਾਲਤ ਖ਼ਰਾਬ ਹੋ ਗਈ।



ਪਰਿਵਾਰਕ ਮੈਂਬਰਾਂ ਨੇ ਉਸ ਨੂੰ ਬਟਾਲਾ ਦੇ ਇਕ ਨਿੱਜੀ ਹਸਪਤਾਲ ਵਿਖੇ ਇਲਾਜ ਲਈ ਭਰਤੀ ਕਰਵਾਇਆ, ਜਿਥੇ ਉਸ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਘਣੀਏ-ਕੇ-ਬਾਂਗਰ ਦੇ ਐੱਸ.ਐੱਚ.ਓ ਟੀ.ਪੀ ਸਿੰਘ ਗੋਰਾਇਆ ਨੇ ਪੁਲਸ ਪਾਰਟੀ ਏ.ਐੱਸ.ਆਈ ਮਲਕੀਤ ਸਿੰਘ ਆਦਿ ਸਮੇਤ ਮੌਕੇ ’ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਪੁਲਸ ਨੇ ਮ੍ਰਿਤਕ ਗੁਰਵਿੰਦਰ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਿਲ ਹਸਪਤਾਲ ਬਟਾਲਾ ਵਿਖੇ ਭੇਜ ਦਿੱਤਾ।

# ਜ਼ਿਲ੍ਹੇ 'ਚ ਹੁਣ ਤੱਕ 312517 ਮੀਟ੍ਰਿਕ ਟਨ ਕਣਕ ਦੀ ਆਮਦ: ਘਨਸ਼ਿਆਮ ਥੋਰੀ

## 312238 ਮੀਟ੍ਰਿਕ ਟਨ ਫ਼ਸਲ ਦੀ ਖ਼ਰੀਦ ਕੀਤੀ ਗਈ



**ਜਲੰਧਰ/ਰਕੇਸ਼ ਵਰਮਾ**

ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਹੁਣ ਤੱਕ 312517 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚੋਂ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 312238 ਮੀਟ੍ਰਿਕ ਟਨ ਫ਼ਸਲ ਦੀ ਖਰੀਦ ਕੀਤੀ ਜਾ ਚੁੱਕੀ ਹੈ। ਮੁੱਖ ਸਕੱਤਰ ਅਨਿਰੁੱਧ ਤਿਵਾੜੀ ਦੀ ਪ੍ਰਧਾਨਗੀ ਹੇਠ ਵੀਡੀਓ ਕਾਨਫਰੰਸ ਰਾਹੀਂ ਹੋਈ ਮੀਟਿੰਗ ਵਿੱਚ ਹਿੱਸਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਫ਼ਸਲ ਦੀ ਸਮੇਂ ਸਿਰ ਅਦਾਇਗੀ ਨੂੰ ਯਕੀਨੀ ਬਣਾਇਆ ਗਿਆ ਹੈ, ਜਿਸ ਤਹਿਤ ਕਿਸਾਨਾਂ ਨੂੰ ਖਰੀਦ ਕੀਤੀ ਕਣਕ ਦੇ ਬਦਲੇ 482.02 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਫ਼ਸਲ ਦੀ ਨਾਲੋ-ਨਾਲ ਲਿਫਟਿੰਗ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ ਅਤੇ 72 ਘੰਟੇ ਪਹਿਲਾਂ ਖ਼ਰੀਦ ਕੀਤੀ ਕਣਕ ਵਿੱਚੋਂ 85 ਫੀਸਦੀ ਫ਼ਸਲ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ। ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਕੀਤੀ ਗਈ ਖ਼ਰੀਦ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਨਗਰੇਨ ਵੱਲੋਂ 54077 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 74246 ਮੀਟ੍ਰਿਕ ਟਨ, ਪਨਸਪ ਵੱਲੋਂ 78342 ਮੀਟ੍ਰਿਕ ਟਨ,

### ਖਰੀਦ ਕੀਤੀ ਕਣਕ ਦੇ ਬਦਲੇ ਕਿਸਾਨਾਂ ਨੂੰ 482.02 ਕਰੋੜ ਰੁਪਏ ਦੀ ਅਦਾਇਗੀ

ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 42745 ਮੀਟ੍ਰਿਕ ਟਨ ਐਫ.ਸੀ.ਆਈ. ਵੱਲੋਂ 30310, ਡੀ.ਸੀ.ਪੀ. ਤਹਿਤ 30852 ਮੀਟ੍ਰਿਕ ਟਨ ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 1666 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪ੍ਰਸ਼ਾਸਨ ਖ਼ਰੀਦ ਸੀਜ਼ਨ ਨੂੰ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ ਤਾਂ ਜੋ ਕਿਸਾਨਾਂ ਨੂੰ ਸਮੁੱਚੀ ਪ੍ਰਕਿਰਿਆ ਦੌਰਾਨ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ । ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਹਰਸ਼ਰਨ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਕਿਸਾਨ ਨੇ ਫਾਹਾ ਲੈ ਕੇ ਕੀਤੀ ਖੁਦਕਸ਼ੀ, 4-5 ਲੱਖ ਰੁਪਏ ਦਾ ਕਰਜਾਈ ਸੀ ਕਿਸਾਨ



**ਪਟਿਆਲਾ/ਦੇਵੀਗੜ/ਇਕਬਾਲ ਸਿੰਘ**

ਪੰਜਾਬ ਦਾ ਕਿਸਾਨ ਦਿਨੋਂ ਦਿਨ ਆਰਥਿਕ ਤੰਗੀ ਦਾ ਸ਼ਿਕਾਰ ਹੋ ਕੇ ਖੁਦਕਸੀਆਂ ਦੇ ਰਾਹ ਤੇ ਚੱਲ ਰਿਹਾ ਅਤੇ ਨਿੱਤ ਨਵੇਂ ਦਿਨ ਆਪਣੀਆਂ ਕੀਮਤੀ ਜਾਨਾਂ ਗਵਾ ਰਿਹਾ ਹੈ। ਇਸੇ ਤਰ੍ਹਾਂ ਹੀ ਅੱਜ ਦੇਵੀਗਡ? ਨੇਡ? ਪਿੰਡ ਮੀਰਾਂਪੁਰ ਦੇ ਕਿਸਾਨ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਏ ਜਾਣ ਦਾ ਸਮਾਚਾਰ ਮਿਲਿਆ ਹੈ। ਥਾਣਾ ਜੁਲਕਾਂ ਦੇ ਥਾਣਾ ਮੁਖੀ ਗੁਰਦੀਪ ਸਿੰਘ ਸੰਧੂ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਪਿੰਡ ਮੀਰਾਂਪੁਰ ਦੇ ਹਰਜਿੰਦਰ ਸਿੰਘ ਪੁੱਤਰ ਮੁਲਖ ਰਾਜ ਉਮਰ 47 ਸਾਲ ਨੇ ਅੱਜ ਸਵੇਰੇ ਸਾਢੇ 5 ਵਜੇ ਵਾਹਾ ਲੈ ਕੇ ਖੁਦਕਸੀ ਕਰ ਲਈ ਹੈ। ਜਾਣਕਾਰੀ ਅਨੁਸਾਰ ਰਾਜਿੰਦਰ ਸਿੰਘ ਆਪਣੇ ਸਿਰ ਚਡ? ਕਰਜ਼ੇ ਕਾਰਨ ਟੈਂਨਸ਼ਨ ਵਿੱਚ ਰਹਿੰਦਾ ਸੀ ਕਿਉਂਕਿ ਉਸ ਨੇ ਅਜੇ ਹੁਣੇ ਘਰ ਖ਼੍ਰੀਦਿਆ ਸੀ ਅਤੇ ਉਸ ਉਪਰ 4-5 ਲੱਖ ਰੁਪਏ ਕਰਜ਼ਾ ਚਡ?ਿਆ ਹੋਇਆ ਸੀ ਜਿਸ ਕਾਰਨ ਉਹ ਚਿੰਤਾ ਵਿੱਚ ਰਹਿੰਦਾ ਸੀ । ਮ੍ਰਿਤਕ ਹਰਜਿੰਦਰ ਸਿੰਘ ਕੋਲ ਸਿਰਫ ਡੇਢ ਕਿੱਲਾ ਜਮੀਨ ਸੀ। ਉਸ ਦੇ ਦੋ ਲਡ?ਕੇ ਇੱਕ 18 ਸਾਲ ਅਤੇ ਇੱਕ 21 ਸਾਲ ਦੇ ਹਨ। ਜੋ ਕਿ ਅਜੇ ਕੁਆਰੇ ਹਨ। ਪੁਲਸ ਨੇ ਮ੍ਰਿਤਕ ਹਰਜਿੰਦਰ ਸਿੰਘ ਦਾ ਡਾਕਟਰੀ ਮੁਆਇਨਾਂ ਕਰਵਾ ਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ, ਜਿੱਥੇ ਉਸ ਦਾ ਸੰਸਕਾਰ ਕਰ ਦਿੱਤਾ ਗਿਆ ਹੈ।

# ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਭਾਰਤ ਭੂਸ਼ਨ ਆਸ਼ੂ ਜੀ ਵੱਲੋਂ ਅਹੁਦਾ ਸੰਭਾਲਣ ਤੇ ਬਲਵਿੰਦਰ ਸਿੰਘ ਬੰਬ ਤੇ ਸੁਰਮੁੱਖ ਸਿੰਘ ਹਰਬੰਸਪੁਰਾ ਨੇ ਦਿੱਤੀ ਵਧਾਈ



**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਾਰਜਕਾਰਨੀ ਪ੍ਰਧਾਨ ਸ੍ਰੀ ਭਾਰਤ ਭੂਸ਼ਣ ਆਸ਼ੂ ਜੀ ਵੱਲੋਂ ਅੱਜ ਪੰਜਾਬ ਕਾਂਗਰਸ ਭਵਨ 15 ਸੈਕਟਰ ਚੰਡੀਗੜ੍ਹ ਵਿਖੇ ਆਪਣਾ ਅਹੁਦਾ ਸੰਭਾਲਣ ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਿਆਂ ਹੋਇਆ ਐਸ ਸੀ ਵਿਭਾਗ ਕਾਂਗਰਸ ਪੁਲਿਸ ਜਿਲ੍ਹਾ ਖੰਨਾ ਦੇ ਚੇਅਰਮੈਨ ਬਲਵਿੰਦਰ ਸਿੰਘ ਬੰਬ ਮੈਂਬਰ ਬਲਾਕ ਸੰਮਤੀ ਸਮਰਾਲਾ ਅਤੇ ਨੰਬਰਦਾਰ ਯੂਨੀਅਨ ਗਾਲਿਬ ਦੇ ਜਿਲ੍ਹਾ ਪ੍ਰਧਾਨ ਸੁਰਮੁੱਖ ਸਿੰਘ ਹਰਬੰਸਪੁਰਾ ਨੇ ਕਿਹਾ ਹੈ ਕਿ ਜਦੋਂ ਤੋਂ ਆਲ ਇੰਡੀਆ ਕਾਂਗਰਸ ਕਮੇਟੀ ਦੀ ਰਾਸ਼ਟਰੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਜੀ ਵਲੋ ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਜੀ ਨੂੰ ਪੰਜਾਬ ਦਾ ਪ੍ਰਧਾਨ ਅਤੇ ਸ੍ਰੀ ਭਾਰਤ ਭੂਸ਼ਨ ਆਸ਼ੂ ਜੀ ਨੂੰ ਕਾਰਜਕਾਰਨੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਓਸੇ ਦਿਨ ਤੋਂ ਪ੍ਰਧਾਨ ਰਾਜਾ ਵੜਿੰਗ ਤੇ ਆਸ਼ੂ ਜੀ ਨੇ ਵੱਖ ਵੱਖ ਵਿਧਾਨ ਸਭਾ ਹਲਕਿਆਂ ਵਿਚ ਜਾ ਕੇ ਓਥੋਂ ਦੇ ਕਾਂਗਰਸੀ ਲੀਡਰਾਂ ਅਤੇ ਵਰਕਰਾਂ ਨੂੰ ਮਿਲਣ ਲਈ ਜਾ ਰਹੇ ਹਨ ਜਿਸ ਨਾਲ ਸਮੁੱਚੇ ਪੰਜਾਬ ਦੇ ਕਾਂਗਰਸੀ ਵਰਕਰਾਂ ਅਤੇ ਅਹੁਦੇਦਾਰਾਂ ਵਿਚ ਭਾਰੀ ਜੋਸ਼ ਅਤੇ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਜ਼ਿਲ੍ਹਾ ਚੇਅਰਮੈਨ ਬਲਵਿੰਦਰ ਸਿੰਘ ਬੰਬ ਅਤੇ ਪ੍ਰਧਾਨ ਸੁਰਮੁੱਖ ਸਿੰਘ ਹਰਬੰਸਪੁਰਾ ਨੇ ਕਿਹਾ ਹੈ ਕਿ ਰਾਜਾ ਵੜਿੰਗ ਤੇ ਆਸ਼ੂ ਜੀ ਦੀ ਜੋੜੀ ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਲਈ ਅਤੇ ਕਾਂਗਰਸ ਵਰਕਰਾਂ ਦੇ ਹੌਸਲੇ ਨੂੰ ਬੁਲੰਦ ਕਰਨ ਲਈ ਘਰ ਘਰ ਤੱਕ ਪਹੁੰਚ ਕਰਕੇ ਕਾਂਗਰਸ ਪਾਰਟੀ ਨੂੰ ਤਾਖੜਾ ਕੀਤਾ ਜਾਵੇਗਾ। ਬਲਵਿੰਦਰ ਸਿੰਘ ਬੰਬ ਤੇ ਸੁਰਮੁੱਖ ਸਿੰਘ ਹਰਬੰਸਪੁਰਾ ਨੇ ਸਰਦਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸ੍ਰੀ ਭਾਰਤ ਭੂਸ਼ਨ ਆਸ਼ੂ ਜੀ ਨੂੰ ਆਪਣਾ ਅਹੁਦਾ ਸੰਭਾਲਣ ਤੇ ਮੁਬਾਰਕਬਾਦ ਅਤੇ ਵਧਾਈ ਦਿੱਤੀ।(ਭੂਸ਼ਨ ਬਾਂਸਲ ਸੁਨੀਲ ਅਗਰਵਾਲ)

# ਜਾਬਰਾ ਅਤੇ ਲੇਨੋਵੋ ਨੇ ਏਕੀਕ੍ਰਿਤ ਵੀਡਿਓ ਕਾਨਫਰੰਸਿੰਗ ਮੀਟਿੰਗ ਰੂਮ ਸਾਲਿਊਸ਼ਨ ਲਈ ਸਹਿਯੋਗ ਕੀਤਾ

## ਜਾਬਰਾ ਪੈਨਾਕਾਸਟ 50 ਅਤੇ ਲੇਨੋਵੋ ਥਿੰਕਸਮਾਰਟ ਹੱਬ ਸਾਲਿਊਸ਼ਨ, ਉਨ੍ਹਾਂ ਵਪਾਰਾਂ ਦੇ ਲਈ ਸਹਿਜ ਵੀਡਿਓ ਕਾਨਫਰੰਸਿੰਗ ਸਾਲਿਊਸ਼ਨ ਦਾ ਇੱਕ ਨਵਾਂ ਪੱਧਰ ਲੈ ਕੇ ਆਏ ਹਨ ਜਿਹੜੇ ਆਪਣੇ ਮੀਟਿੰਗ ਰੂਮ ਨੂੰ ਅਪਗ੍ਰੇਡ ਕਰਨਾ ਚਾਹੁੰਦੇ ਹਨ

**ਚੰਡੀਗੜ੍ਹ**

ਜਾਬਰਾ ਨੇ ਆਪਣੇ ਗ੍ਰਾਹਕਾਂ ਨੂੰ ਐਂਡ-ਟੂ-ਐਂਡ ਸਾਲਿਊਸ਼ਨ ਪ੍ਰਦਾਨ ਕਰਨ ਦੇ ਲਈ ਲੇਨੋਵੋ ਦੇ ਨਾਲ ਮਿਲ ਕੇ ਟੀਮ ਬਣਾਈ ਹੈ । ਇਸ ਨਵੇਂ ਸਾਲਿਊਸ਼ਨ ਦੇ ਤਹਿਤ ਸਿਰਫ ਇੱਕ ਬਟਣ ਦਬਾਉਂਦੇ ਹੀ ਮੀਟਿੰਗ ਰੂਮ ਦੇ ਲਈ ਸਹਿਜ, ਤੇਜ ਅਤੇ ਬਿਨਾਂ ਰੁਕਾਵਟ ਵੀਡਿਓ ਕਾਨਫਰੰਸਿੰਗ ਉਪਲਬਧ ਹੋ ਜਾਵੇਗੀ ।

ਇਸ ਸਾਲਿਊਸ਼ਨ @ਚ ਜਾਬਰਾ ਦਾ ਇਨੋਵੇਟਿਵ 1800 ਪੈਨੋਰਮਿਕ 4ਕੇ ਪਲੱਗ-ਐਂਡ-ਪਲੇ ਵੀਡਿਓ ਸਾਲਿਊਸ਼ਨ ਪੈਨਾਕਾਸਟ 50 ਅਤੇ ਲੇਨੋਵੋ ਦਾ ਥਿੰਕਸਮਾਰਟ ਹੱਬ ਸ਼ਾਮਲ ਹੈ । ਇਹ ਥਿੰਕਸਮਾਰਟ ਹੱਬ ਨਾਲ ਬਣਿਆ ਹੈ, ਜਿਹੜਾ ਵਪਾਰਕ ਉਤਪਾਦਕਤਾ ਅਤੇ ਸਹਿਯੋਗ ਦੇ ਲਈ ਅਨੁਕੂਲਿਤ ਹੈ, ਨਾਲ ਹੀ ਕਰਮਚਾਰੀਆਂ ਨੂੰ ਕਿਤੋਂ ਵੀ ਕਨੈਕਟ ਕਰਨ ਅਤੇ ਸ਼ੇਅਰ ਕਰਨ @ਚ ਮਦਦ ਕਰਨ ਦੇ ਲਈ ਮਾਈਕ੍ਰੋਸਾਫਟ ਟੀਮ ਰੂਮ ਦੇ ਨਾਲ ਪਹਿਲਾਂ ਤੋਂ ਹੀ ਉਪਲਬਧ ਕਰਵਾਇਆ ਜਾ ਰਿਹਾ ਹੈ ਅਤੇ ਥਿੰਕਸਮਾਰਟ ਹੱਬ ਇੱਕ 10-ਪੁਆਇੰਟ ਟੱਚ ਐਚਡੀ ਡਿਸਪਲੇ ਹੈ ਜਿਹੜਾ




ਵਰਤੋਂ ਕਰਨ ਵਾਲਿਆਂ ਨੂੰ ਮੀਟਿੰਗ ਸ਼ੁਰੂ ਕਰਨ ਅਤੇ ਇਸਨੂੰ ਕੰਟਰੋਲ ਕਰਨ ਦੇ ਨਾਲ-ਨਾਲ ਸਮੱਗਰੀ ਸ਼ੇਅਰ ਕਰਨ ਅਤੇ ਦੂਰ ਤੋਂ ਕੰਮ ਕਰਨ ਵਾਲੇ ਸਹਿਯੋਗੀਆਂ ਦੇ ਨਾਲ ਕੰਮ ਕਰਨ ਦੀ ਆਗਿਆ ਦਿੰਦਾ ਹੈ ।

ਜਾਬਰਾ ਪੈਨਾਕਾਸਟ 50 ਅਤੇ ਲੇਨੋਵੋ ਥਿੰਕਸਮਾਰਟ ਹੱਬ, ਡਿਜੀਟਲ ਸਹਿਯੋਗ @ਚ ਦੋ ਸਭ ਤੋਂ ਵੱਡੇ ਨਾਮਾਂ ਦੀ ਬਿਹਤਰੀਨ ਤਕਨੀਕ ਨੂੰ ਇਕੱਠੇ ਲਿਆਉਂਦੇ ਹਨ ਅਤੇ ਮੀਟਿੰਗ ਰੂਮ ਸੈਟ-ਅਪ @ਚ ਇੱਕ ਨਵਾਂ ਮਾਣਕ ਸਥਾਪਿਤ ਕਰਦੇ ਹਨ । ਉਪਯੋਗ @ਚ ਬਹੁਤ ਅਸਾਨ ਇਸ ਪੈਕੇਜ @ਚ ਇੱਕ ਬਿਹਤਰ ਆਡਿਓ ਅਤੇ ਵੀਡਿਓ ਉਪਕਰਣ ਹੈ ਜਿਹੜਾ ਕਿ ਮੀਟਿੰਗ @ਚ ਵੀਡਿਓ ਕਾਨਫਰੰਸਿੰਗ ਅਤੇ ਸਹਿਯੋਗ ਨੂੰ ਖੱਬੇ ਹੱਥ ਦਾ ਖੇਡ ਬਣਾ ਦਿੰਦਾ ਹੈ ।

ਪੀਟਰ ਜਯਸੀਲਨ, ਵੀਪੀ ਅਤੇ ਮੈਨੇਜਿੰਗ ਡਾਇਰੈਕਟਰ (ਸਾਊਥ ਏਸ਼ੀਆ) ਅਤੇ ਹੈਡ ਪਬਲਿਕ ਸੈਕਟਰ (ਏਪੀਏਸੀ), ਜਾਬਰਾ ਨੇ ਕਿਹਾ, @ਅਸੀਂ ਲੇਨੋਵੋ ਦੇ ਨਾਲ ਸਹਿਯੋਗ ਕਰਨ ਦੇ ਲਈ ਰੋਮਾਂਚਿਤ ਹਾਂ ਤੇ ਜਾਬਰਾ ਪੈਨਾਕਾਸਟ 50 ਅਤੇ ਲੇਨੋਵੋ ਥਿੰਕਸਮਾਰਟ ਹੱਬ ਸਾਲਿਊਸ਼ਨ ਦੀ ਸ਼ੁਰੂਆਤ ਇੱਕ ਇੰਟੈਲੀਜੈਂਟ ਅਤੇ ਸੁਰੱਖਿਅਤ ਮੀਟਿੰਗ ਰੂਮ ਦੇ ਲਈ ਕਰਨੀ ਬਹੁਤ ਪ੍ਰੇਰਣਾ ਦਾਇਕ ਹੈ । ਹੁਣ ਹਾਈਬਿ?ਡ ਵਰਕਿੰਗ ਇੱਕ ਨਵਾਂ ਨਾਰਮਕਲ ਹੈ, ਹਰ ਜਗ੍ਹਾ ਵਪਾਰ ਇਸ ਬਾਰੇ @ਚ ਸੋਚ ਰਹੇ ਹਨ ਕਿ ਨਿਊਨਤਮ ਤਕਨੀਕੀ ਇਨਪੁੱਟ ਦੇ ਨਾਲ ਸਭ ਤੋਂ ਉੱਨਤ ਮੀਟਿੰਗ ਰੂਮ ਸੈਟਅਪ ਕਿਵੇਂ ਉਪਲਬਧ ਕਰਵਾਇਆ ਜਾ ਸਕੇ । ਸਾਨੂੰ ਵਿਸ਼ਵਾਸ ਹੈ ਕਿ ਇਹ ਸਾਲਿਊਸ਼ਨ ਵਪਾਰਾਂ ਨੂੰ ਉਨ੍ਹਾਂ ਦੀ ਕਾਨਫਰੰਸਿੰਗ ਅਤੇ ਸਹਿਯੋਗ ਸਮਰੱਥਾਵਾਂ ਨੂੰ ਨਵੀਆਂ ਉਚਾਈਆਂ @ਤੇ ਲੈ ਜਾਣ @ਚ ਮਦਦ ਕਰੇਗਾ ।@

ਰੋਗੀ ਮਾਰਟਿਨ, ਐਸਐਮਸੀ ਸੇਲਸ ਲੀਡ, ਏਪੀ, ਲੇਨੋਵੋ : @ਅਸੀਂ ਜਾਬਰਾ ਦੇ ਪੈਨਾਕਾਸਟ 50 ਦੇ ਸੰਯੋਜਨ ਦੇ ਨਾਲ ਆਪਣੇ ਥਿੰਕਸਮਾਰਟ ਹੱਬ ਸਾਲਿਊਸ਼ਨ ਦੀਆਂ ਖਾਸੀਅਤਾਂ ਅਤੇ ਸਮਰੱਥਾਵਾਂ ਦੇ ਬਾਰੇ @ਚ ਬਹੁਤ ਉਤਸਾਹਿਤ ਹਾਂ ਕਿਉਂਕਿ ਇਹ ਸਮਾਰਟ ਕੰਮਕਾਰੀ ਵਾਤਾਵਰਣ ਦੀ ਦਿਸ਼ਾ @ਚ ਹੋ ਰਹੇ ਬਦਲਾਅ ਨੂੰ ਅੱਗੇ ਵਧਾਏਗਾ । ਇਹ ਮਹੱਤਵਪੂਰਣ ਹੈ ਕਿ ਗ੍ਰਾਹਕਾਂ ਦੇ ਕੋਲ ਅਜਿਹੀ ਤਕਨੀਕ ਤੱਕ ਪਹੁੰਚ ਹੋਵੇ ਜਿਹੜੀ ਜਿਆਦਾ ਤੇਜੀ ਅਤੇ ਰਚਨਾਤਮਕਤਾ ਦੇ ਨਾਲ ਜੁੜਾਅ ਨੂੰ ਮਜਬੂਤ ਬਣਾਉਂਦੀ ਹੋਵੇ । ਵੀਡਿਓ ਕਾਨਫਰੰਸਿੰਗ ਦੇ ਉੱਚ ਪੱਧਰ ਦੇ ਨਾਲ, ਅਸੀਂ ਅਜਿਹੇ ਸਾਲਿਊਸ਼ਨ ਦੇਣ ਦੀ ਕੋਸ਼ਿਸ਼ ਕਰਨਾ ਜਾਰੀ ਰੱਖਾਂਗੇ ਜਿਹੜੀ ਦੁਨੀਆਂ ਭਰ @ਚ ਬਿਹਤਰ ਸਹਿਯੋਗ ਨੂੰ ਸਮਰੱਥ ਬਣਾਉਂਦੇ ਹਨ ।

# ਨਗਰ ਸੁਧਾਰ ਟਰੱਸਟ ਦੇ ਪੀੜਤ ਕਿਸਾਨਾਂ ਦੇ ਧਰਨੇ ਨੂੰ ਅੱਜ 102 ਦਿਨ ਹੋਏ



**ਗੁਰਦਾਸਪੁਰ/ਨਵਨੀਤ ਕੁਮਾਰ**

ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਸਕੀਮ ਨੰਬਰ ਸੱਤ ਦੇ ਪੀਡ?ਤ ਕਿਸਾਨ ਮੁਆਵਜ਼ਾ ਲੈਣ ਲਈ ਜੋ ਲਗਾਤਾਰ ਧਰਨੇ ਤੇ ਬੈਠੇ ਹਨ ਅੱਜ ਉਨ੍ਹਾਂ ਦੇ ਧਰਨਿਆਂ ਨੂੰ ਚਲਦੇ 102 ਦਿਨ ਹੋ ਗਏ ਹਨ ।ਇਹ ਧਰਨਾ ਪਹਿਲਾ ਲਗਾਤਾਰ ਨਗਰ ਸੁਧਾਰਾਂ ਸੱਸ ਦੇ ਦਫ਼ਤਰ ਸਾਹਮਣੇ ਚਲਦਾ ਸੀ ਪ੍ਰੰਤੂ ਹੁਣ ਜਦੋਂ ਤੋਂ ਇਸ ਦਾ ਚਾਰਜ ਡਿਪਟੀ ਕਮਿਸ਼ਨਰ ਹੋਰਾਂ ਦੇ ਕੋਲ ਆਇਆ ਹੈ ਇਹ ਧਰਨਾ ਹੁਣ ਡੀਸੀ ਦਫ਼ਤਰ ਗੁਰਦਾਸਪੁਰ ਦੇ ਸਾਹਮਣੇ ਚੱਲ ਰਿਹਾ ਹੈ । ਇਸ ਮੌਕੇ ਬੋਲਦਿਆਂ ਆਗੂਆਂ ਨੇ ਆਖਿਆ ਕਿ ਹਾਲੇ ਬਹੁਤ ਸਾਰੇ ਪੈਸੇ ਲੈਣ ਵਾਲੇ ਰਹਿੰਦੇ ਹਨ ਅਤੇ ਜਿੰਨਾ ਚਿਰ ਤਕ ਇਹ ਸਾਰੇ ਦੇ ਸਾਰੇ ਪੈਸੇ ਸਾਰੇ ਹੀ ਕਿਸਾਨਾਂ ਨੂੰ ਮਿਲ ਨਹੀਂ ਜਾਂਦੇ ਉਨਾ ਚਿਰ ਤੱਕ ਇਹ ਧਰਨਾ ਲਗਾਤਾਰ ਚੱਲਦਾ ਹੀ ਰਹੇਗਾ। ਆਗੂਆਂ ਨੇ ਕਿਹਾ ਕਿ ਉਹ ਨਗਰ ਸੁਧਾਰ ਟਰੱਸਟ ਨੂੰ ਬੈਂਕਾਂ ਤੋਂ ਕਰਜ਼ਾ ਦਿਵਾਉਣ ਅਤੇ ਉਸ ਕਰਜ਼ੇ ਵਿਚੋਂ ਕਿਸਾਨਾਂ ਦੀ ਸਾਰੀ ਦੀ ਸਾਰੀ ਅਦਾਇਗੀ ਕੀਤੀ ਜਾਵੇ ।ਕਿਸਾਨ ਜੋ ਪਹਿਲਾਂ ਹੀ ਬਹੁਤ ਦੁਖੀ ਹਨ ਕਿਸਾਨੀ ਵਿੱਚੋਂ ਬਹੁਤੀ ਆਮਦਨ ਨਹੀਂ ਹੋ ਰਹੀ ਹੁਣ ਜਦੋਂ ਉਹਨਾ ਕੋਲੋਂ ਜ਼ਮੀਨ ਵੀ ਖੋਹ ਲਈ ਗਈ ਹੈ ਅਤੇ ਉਸ ਦੀ ਕੀਮਤ ਵੀ ਅਦਾ ਨਹੀਂ ਕੀਤੀ ਜਾ ਰਹੀ ਤਾਂ ਦੋਨਾਂ ਕਿਸਾਨਾਂ ਦਾ ਉੱਜੜਨਾ ਕੁਦਰਤੀ ਵਰਤਾਰਾ ਹੈ ਇਸ ਨੂੰ ਬਚਾਉਣ ਲਈ ਇੱਕੋ ਇੱਕ ਹੱਲ ਹੈ ਕਿ ਜਦ ਵੀ ਕਿਸਾਨ ਦੀ ਜ਼ਮੀਨ ਸਰਕਾਰ ਅਕਵਾਇਰ ਕਰਦੀ ਹੈ ਉਸ ਨੂੰ ਫੌਰੀ ਉਸ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਇਹ ਮੁਆਵਜ਼ਾ ਮੰਡੀ ਦੀਆਂ ਕੀਮਤਾਂ ਅਨੁਸਾਰ ਹੋਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਪੂਰ ਸਿੰਘ ਘੁੰਮਣ ,ਸੁਖਦੇਵ ਸਿੰਘ ਭੋਜਰਾਜ, ਬਲਬੀਰ ਸਿੰਘ ਰੰਧਾਵਾ, ਸਰਵਣ ਸਿੰਘ ਭੋਲਾ ,ਪ੍ਰੇਮ ਮਸੀਹ ਸੋਨਾ ,ਜਸਵੰਤ ਸਿੰਘ ਪਹੜਾ ,ਗੁਰਮੀਤ ਸਿੰਘ ,ਬੋਧਰਾਜ ਉੱਚਾ ਧਕਾਲਾ , ਮਨਦੀਪ ਸਿੰਘ ਕੋਠੇ ,ਅਮਨ ਦੀਪ ਸਿੰਘ ,ਸਤੀਸ ਅਜਾਦ ,ਜਗੀਰੋ ਕਮਲੇਸ਼ ਕੁਮਾਰੀ ਗੁਰਪਿੰਦਰ ਸਿੰਘ ਸੁਦੇਸ਼ ਕੁਮਾਰੀ ਅਮਰਜੀਤ ਕੌਰ ਬਲਵਿੰਦਰ ਕੌਰ ਲਾਡੀ-ਸ਼ਾਹ, ਸੋਨਾ ਸਾਹ ਘੁਰਾਲਾ ,ਤਜਿੰਦਰਬੀਰ ਸਿੰਘ ਆਦਿ ਵੀ ਹਾਜ਼ਰ ਸਨ।

# ਦਲਬੀਰ ਸਿੰਘ ਅੌਜਲਾ ਨਾਲ ਵੱਜੀ 55 ਹਜਾਰ ਦੀ ਠੱਗੀ



**ਗੁਰਦਾਸਪੁਰ/ਨਵਨੀਤ ਕੁਮਾਰ**

ਪੰਜਾਬ ਵਿੱਚ ਪਿਛਲੇ ਕੁੱਝ ਦਿਨਾਂ ਦੌਰਾਨ ਐਨ ਆਰ ਆਈ ਫੋਨ ਕਾਲਾਂ ਰਾਹੀ ਭੋਲੇ ਭਾਲੇ ਲੋਕਾਂ ਨਾਲ ਠੱਗੀਆਂ ਮਾਰਨ ਦੇ ਮਾਮਲੇ ਸਾਹਮਣੇ ਆ ਰਹੇ ਹਨ। ਜਿਸ ਦੀ ਤਾਜਾ ਮਿਸਾਲ ਦਲਬੀਰ ਸਿੰਘ ਅੌਜਲਾ ਪਿੰਡ ਅੰਬਲਖੈਰ ਨਾਲ ਹੋਈ 55 ਹਜਾਰ ਰੁਪਏ ਦੀ ਠੱਗੀ ਤੋਂ ਮਿਲਦੀ ਹੈ। ਇਸ ਸਮੇਂ ਦਲਬੀਰ ਸਿੰਘ ਅੌਜਲਾ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਆਪਣੇ ਕਿਸੇ ਨਿਜੀ ਕੰਮ ਲਈ ਗੁਰਦਾਸਪੁਰ ਗਿਆ ਹੋਇਆ ਸੀ ,ਜਿਸ ਦੌਰਾਨ ਇੱਕ ਕਨੇਡਾ ਤੋਂ ਕਾਲ ਆਈ ,ਜਿਸ ਨੇ ਪਹਿਲਾ ਫਤਿਹ ਬੁਲਾਈ ਤੇ ਫਿਰ ਪਹਿਚਾਨਣ ਲਈ ਕਿਹਾ ,ਦਲਬੀਰ ਸਿੰਘ ਵੱਲੋਂ ਕਿਹਾ ਮੈ ਤੁਹਾਨੂੰ ਨਹੀ ਜਾਣਦਾ ,ਜਿਸ ਤੇ ਉਸ ਨੂੰ ਫਿਰ ਦਿਮਾਗ ਤੇ ਜੋਰ ਪਾਉਂਣ ਲਈ ਕਿਹਾ ,ਜਦੋਂ ਦਲਬੀਰ ਦੇ ਮੂੰਹੋ ਕਿਸੇ ਆਪਣੇ ਦੋਸਤ ਮੋਹਨ ਲਾਲ ਦਾ ਨਾਮ ਲਿਆ ਗਿਆ ਤਾਂ ਉਸ ਠੱਗ ਨੇ ਤੁਰੰਤ ਕਿਹਾ ਕਿ ਮੈ ਮੋਹਨ ਲਾਲ ਹੀ ਬੋਲਦਾ ਹਾਂ। ਫਿਰ ਉਸ ਵੱਲੋਂ ਦਲਬੀਰ ਸਿੰਘ ਨੂੰ ਵਟਸਅੱਪ ਤੇ ਕਾਲ ਕਰਨ ਲਈ ਕਿਹਾ ਗਿਆ। ਜਦੋ ਦਲਬੀਰ ਵੱਲੋਂ ਵਟਸਅੱਪ ਤੇ ਕਾਲ ਕੀਤੀ ਤਾਂ ਐਨ ਆਰ ਆਈ ਠੱਗ ਵੱਲੋਂ ਉਸ ਨੂੰ ਕਿਹਾ ਕਿ ਉਹ ਤੁਹਾਡੇ ਖਾਤੇ ਵਿੱਚ 14 ਲੱਖ 70 ਹਜਾਰ 400 ਰੁਪਏ ਪਾ ਦਿੱਤੇ ਹਨ ਜਿਸ ਦੀ ਰਸੀਦ ਉਸ ਦੇ ਫੋਨ ਵਿੱਚ ਪਾ ਦਿੱਤੀ ਗਈ ਹੈ। ਜਿਹਨਾ ਵਿੱਚੋਂ ਤੁਸੀ 4 ਲੱਖ ਰੁਪਏ ਮੇਰੇ ਦੋਸਤ ਨੂੰ ਦੇ ਦੇਣਾ। ਇਸ ਗੱਲ ਤੇ ਦੋਨਾਂ ਦੀ ਸਹਿਮਤੀ ਹੋ ਜਾਂਦੀ ਹੈ , ਤੇ ਫਿਰ ਕੁੱਝ ਸਮੇਂ ਬਾਅਦ ਹੀ ਫਿਰ ਉਸ ਠੱਗ ਦਾ ਫੋਨ ਆ ਜਾਂਦਾ ਹੈ ਕਿ ਮੇਰੇ ਦੋਸਤ ਦੀ ਮਾਂ ਠੀਕ ਨਹੀ ਹੈ ,ਜਿਸ ਕਰਕੇ ਤੁਸੀ ਉਸ ਦੇ ਖਾਤੇ ਵਿੱਚ ਦੋ ਲੱਖ ਰੁਪਏ ਹੁਣੇ ਪਾ ਦਿਓ ,ਜਿਸ ਤੇ ਦਲਬੀਰ ਸਿੰਘ ਵੱਲੋਂ ਆਪਣੇ ਖਾਤੇ ਵਿੱਚ ਰਕਮ ਘੱਟ ਹੋਣ ਦੀ ਗੱਲ ਕਹੀ ਤੇ 55 ਹਜਾਰ ਰੁਪਏ ਉਸ ਦੇ ਵੱਲੋਂ ਦਿੱਤੇ ਖਾਤੇ ਵਿੱਚ ਪਾ ਦਿੱਤੇ। ਜਦੋਂ ਉਸ ਦੇ ਖਾਤੇ ਵਿੱਚ 55 ਹਜਾਰ ਰੂ ਗਏ ਤਾਂ ਉਸ ਤੋਂ ਬਾਅਦ ਉਸ ਐਨਆਰਆਈ ਦਾ ਫੋਨ ਬੰਦ ਹੋ ਗਿਆ। ਜਿਸ ਤੋਂ ਬਾਅਦ ਦਲਬੀਰ ਸਿੰਘ ਨੂੰ ਇਹ ਸਮਝ ਲੱਗੀ ਕਿ ਉਸ ਨਾਲ ਨਾਲ 55 ਹਜਾਰ ਰੂ ਦੀ ਠੱਗੀ ਵੱਜ ਗਈ। ਇਸ ਸਮੇਂ ਦਲਬੀਰ ਸਿੰਘ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਕਿਸੇ ਨੂੰ ਬਾਹਰਲੇ ਦੇਸ ਤੋਂ ਕੋਈ ਅਜਿਹਾ ਫੋਨ ਆਏ ਤਾਂ ਉਸ ਦੇ ਝਾਂਸੇ ਵਿੱਚ ਨਾ ਆਉਂਣਾ।

# ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਪ੍ਰਕਾਸ ਪੂਰਬ ਨੂੰ ਸਮਰਪਿਤ ਫਰੀ ਮੈਡੀਕਲ ਕੈਂਪ ਲਾਇਆ



## ਲੋੜਵੰਦ ਮਰੀਜਾਂ ਦੀ ਸੇਵਾ ਕਰਨਾ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ- ਜੱਥੇ:ਨਿਮਾਣਾ

**ਲੁਧਿਆਣਾ/ਕਰਨੈਲ ਸਿੰਘ ਐੱਮ.ਏ**

ਸ਼੍ਰਿਸ਼ਟੀ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ400 ਸਾਲਾਂ ਪ੍ਰਕਾਸ ਪੂਰਬ ਨੂੰ ਸਮਰਪਿਤ ਮਿਸਨ ਆਸ ਸੇਵਾ ਸੁਸਾਇਟੀ ਵੱਲੋਂ ਭਾਈ ਘਨਈਆ ਜੀ ਮਿਸਨ ਸੇਵਾ ਸੁਸਾਇਟੀ (ਰਜਿ) ਦੇ ਸਹਿਯੋਗ ਨਾਲ ਪਹਿਲਾਂ ਫਰੀ ਮੈਡੀਕਲ ਕੈਂਪ ਗਲੀ ਨੰਬਰ 1,ਢਾਈ ਮਰਲਾ ਕਲੋਨੀ,ਨੇੜੇ ਐਸ. ਡੀ.ਪੀ ਕਾਲਜ ਵਿਖੇ ਲਾਇਆ ਗਿਆ। ਇਸ ਮੌਕੇ ਤੇ ਭਾਈ ਘਨਈਆ ਜੀ ਮਿਸਨ ਸੇਵਾ ਸੁਸਾਇਟੀ (ਰਜਿ) ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਫਰੀ ਮੈਡੀਕਲ ਕੈਂਪ ਦਾ ਉਦਘਾਟਨ ਕੀਤਾ ਅਤੇ ਜੱਥੇ: ਨਿਮਾਣਾ ਨੇ ਮਿਸਨ ਆਸ ਸੇਵਾ ਸੁਸਾਇਟੀ ਦੇ ਪ੍ਰਧਾਨ ਹਰਪ੍ਰੀਤ ਸਿੰਘ ਸੰਨੀ ਅਤੇ ਸਾਥੀਆਂ ਵੱਲੋਂ ਲਗਾਏ ਗਏ ਮੈਡੀਕਲ ਕੈਂਪ ਦੇ ਉਪਰਾਲੇ ਦੀ ਸਲਾਘਾ ਕਰਦਿਆਂ ਕਿਹਾ ਕਿ ਲੋੜਵੰਦ ਮਰੀਜਾਂ ਲਈ ਮੈਡੀਕਲ ਕੈਂਪ ਲਗਾਕੇ ਮੌਕੇ ਤੇ ਫਰੀ ਦਵਾਈਆਂ ਵੰਡਨੀਆ ਗਰੀਬ ਦਾ ਮੂੰਹ ਗੁਰੂ ਦੀ ਗੋਲਕ” ਦੇ ਸਿਧਾਂਤ ਤੇ ਪਹਿਰਾ ਦੇ ਰਹੇ ਹਨ ਇਸ ਮੌਕੇ ਤੇ ਕੌਂਸਲਰ ਰਾਕੇਸ ਪ੍ਰਸਾਰ ਵਿਸੇਸ ਤੌਰ ਤੇ ਪੁੱਜੇ।ਇਸ ਮੌਕੇ ਮਿਸਨ ਆਸ ਸੇਵਾ ਸੁਸਾਇਟੀ ਦੇ ਪ੍ਰਧਾਨ ਹਰਪ੍ਰੀਤ ਸਿੰਘ ਸੰਨੀ ਨੇ ਦਸਿਆ ਕਿ ਡਾਕਟਰ ਪਰਵਿੰਦਰ ਕੌਰ ਦੀ ਟੀਮ ਨੇ 200 ਮਰੀਜਾਂ ਦਾ ਫਰੀ ਮੈਡੀਕਲ ਚੈਕਅਪ ਕੀਤਾ ਅਤੇ ਲੋੜਵੰਦ ਮਰੀਜਾਂ ਨੂੰ ਨਿਸਕਾਮ ਰੂਪ ਵਿਚ ਦਵਾਈਆਂ ਵੰਡੀਆਂ ਗਈਆਂ। ਇਸ ਮੋਕੇ ਤੇ ਮਿਸਨਆਸਸੇਵਾ ਸੁਸਾਇਟੀ ਦੇ ਪ੍ਰਧਾਨ ਹਰਪ੍ਰੀਤ ਸਿੰਘ ਅਤੇ ਸਾਥੀਆਂ ਅਮਰਜੀਤ ਸਿੰਘ, ਬਲਵਿੰਦਰ ਕੌਰ,ਜਸਪ੍ਰੀਤ ਕੌਰ ਰੋਜੀ, ਕਵਲ ਕੌਰ ਨਿਕੀ,ਕਿਰਨ,ਨਰਿੰਦਰ ਸੋਨੂੰ,ਗੁਰਵਿੰਦਰ ਸਿੰਘ, ਕਾਲੀ ਸੋਂਧੀ,ਸੌਰਵ ਧੀਗਾਂਨ, ਗੂਰਦੌਰ ਸਿੰਘ ਵਲੋਂ ਭਾਈ ਘਨਈਆ ਜੀ ਮਿਸਨ ਸੇਵਾ ਸੁਸਾਇਟੀ (ਰਜਿ) ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ, ਕੌਂਸਲਰ ਰਾਕੇਸ ਪਰਾਸਰ,ਅਤੇ ਡਾਕਟਰ ਪਰਵਿੰਦਰ ਕੌਰ ਦੀ ਟੀਮ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।



# ਵਿੱਤੀ ਸੰਕਟ ਦੇ ਚਲਦੇ ਬੰਦ ਹੋਏ ਵਿਦੇਸ਼ੀ ਕਾਲੇਜਾਂ ਅਤੇ ਯੁਨਿਵਰਸਿਟਆਂ ਦਾ ਖਾਮਿਆਜਾ ਭੁਗਤ ਰਹੇ ਹਨ ਪੰਜਾਬੀ ਸਟੂਡੇਂਟਸ

**ਫਿਰੋਜਪੁਰ/ਮੋਹਾਲੀ/ਬਠਿੰਡਾ/ਲੋਕ ਬਾਣੀ:-** ਪਿੱਛਲੇ ਦੌ ਸਾਲਾਂ ਤੋਂ ਅਪਣੇ ਪੈਰ ਪਸਾਰ ਰਹੀ ਵੈਸ਼ਵਿਕ ਮਹਾਮਾਰੀ ਕੋਰੋਨਾ ਦੇ ਚਲਦੇ ਵਿਦੇਸ਼ ਵਿਚ ਪੜਨ ਵਾਲੇ ਸਟੂਡੇਂਟਸ ਵਿਸ਼ੇਸ਼ਕਰ ਪੰਜਾਬੀ ਸਟੂਡੇਂਟਸ ਨੂੰ ਕਾਫੀ ਖਾਮਿਆਜਾ ਭੁਗਤਣਾਂ ਪੈ ਰਿਹਾ ਹੈ। ਕਈ ਦੇਸ਼ ਸਹਿਤ ਕਨਾਡਾ ਵਿਚ ਇੰਟਰਨਲ ਲੋਕਡਾਉਨ, ਲਿਮਿਟਡ ਇਨ ਬਾਉਂਡ ਫਲਾਇਟਾਂ ਅਤੇ ਵਿੱਤੀ ਸੰਕਟ ਦੇ ਚਲਦੇ ਕਈ ਕਾਲੇਜਾਂ ਅਤੇ ਯੂਨਿਵਰਸਿਟਆਂ ਦਿਵਾਲਿਏ ਘੋਸ਼ਤ ਹੋ ਚੁਕੇ ਹਨ ਜਿਸਦੇ ਕਾਰਨ ਵਿਦੇਸ਼ਾਂ ਵਿਚ ਸਿਖਆ ਪ੍ਰਾਪਤ ਕਰਣ ਦੇ ਸਟੂਡੇਂਟਸ ਦੇ ਸੁਪਣੇ ਚੂਰ ਹੋ ਗਏ ਹਨ।

ਇਸੇ ਲੜੀ ਵਿਚ ਕਨਾਡਾ ਵਿਖੇ ਕਯੂਬੇਕ ਸੂਬੇ ਵਿਚ ਵੀ ਕਨਾਡਾ ਸਰਕਾਰ ਦੁਆਰਾ ਪ੍ਰਮਾਣਤ ਤਿੰਨ ਏਜੂਕੇਸ਼ਨਲ ਇੰਸੀਟਿਯੂਸ਼ਨਾਂ - ਐਮ ਕਾਲੇਜ ਆਫ ਕਨਾਡਾ, ਕਾਲੇਜ ਡੀ ਐਲ’ ਏਸਟੀ ਅਤੇ ਸੀਸੀਐਸਕਯੂ ਵੀ ਵਿੱਤੀ ਸੰਕਟ ਦੇ ਚਲਦੇ ਕਨਾਡਾ ਭਾਰਤੀ ਸਟੂਡੇਂਟਸ ਦਾ ਵੀਜਾ ਰੱਦ ਕਰ ਚੁਕਿਆ ਹੈ। ਕਾਲੇਜ ਵਿਚ ਦਾਖਲਾ ਲੈ ਕੇ ਸਟੂਡੇਂਟਸ ਨੇ ਫੀਸ ਦੇ ਚੁਕੇ ਹਨ ਪ੍ਰੰਤੂ ਵੀਜਾ ਰੱਦ ਹੋਣ ਕਰਕੇ ਉਹ ਹੁਣ ਤਕ ਅਪਣੀ ਪੜਾਈ ਸ਼ੁਰੂ ਨਹੀ ਕਰ ਪਾਏ ਹਨ।

ਸਟੂਡੇਂਟਸ ਨੂੰ ਇਸ ਸੰਕਟ ਦੀ ਘੜੀ ਦੀ ਮਦਦ ਕਰਣ ਦੀ ਦਿਸ਼ਾ ਵਿਚ ਆਈਡੀਪੀ ਨੇ ਅਪਣੇ ਪ੍ਰਭਾਵਿਤ ਸਟੂਡੇਂਟਸ ਦੇ ਲਈ ਕਈ ਪ੍ਰਭਾਵੀ ਕਦਮ ਚੁਕੇ ਹਨ ਤਾਂ ਜੋ ਉਹ ਜਲਦੀ ਹੀ ਅਪਣੀ ਪੜਾਈ ਸ਼ੁਰੂ ਕਰ ਸਕਣਗੇਂ।

ਆਈਡੀਪੀ ਨੇ ਅਲਬਰਟਾ ਸੁਬੇ ਦੇ ਇਕ ਏਜੂਕੇਸ਼ਨਲ ਇੰਸੀਟਿਯੂਟ - ਨਾਰਥਵੇਸਟਰਨ ਪੋਲੀਟੇਕਨਿਕ ਯੂਨਿਵਰਸਿਟੀ ਦੇ ਨਾਲ ਸਹਿਮਤੀ ਪ੍ਰਗਟ ਕਰ ਪ੍ਰਭਾਵਿਤ ਸਟੂਡੇਂਟਸ ਦੇ ਲਈ ਸਟਡੀਜ ਜਾਰੀ ਰੱਖਣ ਦੀ ਸਕੀਮ ਬਣਾਈ ਹੈ ਜਿਸ ਵਿਚ ਉਨ੍ਹਾਂ ਨੂੰ ਪਹਿਲੇ ਸਾਲ ਦੀ ਟਯੂਸ਼ਨ ਫੀਸ ਨਹੀਂ ਦੇਣੀ ਪਵੇਗੀ ਜਦਕਿ ਦੂਜੇ ਸਾਲ ਦੀ ਟਯੂਸ਼ਨ ਫੀਸ ਵਿਚ ਛੂਟ ਮਿਲੇਗੀ। ਇਸ ਸੰਸਥਾਨ ਵਿਚ ਦਾਖਲਾ ਲੈ ਕੇ ਨਾ ਕੇਵਲ ਨੁਕਸਾਨ ਦੀ ਭਰਪਾਈ ਹੋ ਸਕੇਗੀ ਬਲਕਿ ਆਮ ਟਯੂਸ਼ਨ ਫੀਸ ਤੇ 18 ਹਜਾਰ ਤੋਂ 20 ਹਜਾਰ ਕਨੇਡਾਈ ਡਾਲਰ ਦਾ ਲਾਭ ਵੀ ਪ੍ਰਾਪਤ ਹੋਵੇਗਾ।

ਬਾਵਜੂਦ ਇਸਦੇ ਜੇਕਰ ਕਿਸੇ ਸਟੂਡੇਂਟਸ ਨੂੰ ਅਲਬਰਟਾ ਦੇ ਸੰਸਥਾਨ ਵਿਚ ਪ੍ਰਵੇਸ਼ ਨਹੀਂ ਮਿਲਦਾ ਹੈ ਜਾਂ ਓਸਦਾ ਵੀਜਾ ਆਵੇਦਨ ਸਵੀਕਾਰ ਨਹੀਂ ਕੀਤਾ ਜਾਂਦਾ ਹੈ ਤਾਂ ਆਈਡੀਪੀ ਇਹੋ ਜਿਹੇ ਸਟੂਡੇਂਟ ਨੂੰ ਅੰਤਰਿਮ ਵਿੱਤੀ ਸਹਾਇਤਾ ਪ੍ਰਦਾਨ ਕਰੇਗਾ ਜੋ ਕਿ ਕਯੂਬੇਕ ਕਾਲੇਜਾਂ ਨੂੰ ਦਿਤੀ ਗਈ ਟਯੂਸ਼ਨ ਰਾਸ਼ਿ ਦੇ ਬਰਾਬਰ ਹੋਵੇਗੀ।

ਇਸਦੇ ਇਲਾਵਾ ਆਈਡੀਪੀ ਦਿਵਾਲਿਆ ਹੋਏ ਤਿੰਨਾਂ ਏਜੂਕੇਸ਼ਨਲ ਇੰਸੀਟਿਯੂਸ਼ੰਸ ਦੇ ਦੂਬਾਰਾ ਸੁਚਾਰੁ ਹੋਣ ਤੇ ਇੱਛੁਕ ਸਟੂਡੇਂਟਸ਼ ਨੂੰ ਉਨ੍ਹਾਂ ਦੇ ਨਾਲ ਫਿਰ ਤੋਂ ਜੋੜੇਗਾ ਜਿਸਤੋਂ ਕਿ ਉਹ ਅਪਣੀ ਸਟਡੀਜ ਨੂੰ ਪੂਰਾ ਕਰ ਸਕਣ। ਜਦਕਿ ਕਾਲੇਜ ਦੇ ਨਵੇਂ ਪ੍ਰਬੰਧਕਾਂ ਦੁਆਰਾ ਪਹਿਲੇ ਤੋਂ ਹੀ ਦਿਤੀ ਗਈ ਫੀਸ ਦਾ ਸਨਮਾਨ ਹੋਵੇਗਾ।

# ਦੁੱਖਾਂ ਦਾ ਨਿਵਾਰਨ ਕਰ ਰਿਹਾ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ

**ਪਟਿਆਲਾ/ਇਕਬਾਲ ਸਿੰਘ**

ਸ਼ਾਹੀ ਸਹਿਰ ਪਟਿਆਲਾ ਸਥਿਤ ਨੌਂਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਸੁਭਾਇਮਾਨ ਹੈ। ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਦੋਂ ਪਹਿਲੀ ਵਾਰ ਇਥੇ ਪੁੱਜੇ ਸਨ ਤਾਂ ਬੱਚਿਆਂ ਵਿਚ ਸੋਕੇ ਦੀ ਬਿਮਾਰੀ ਬਹੁਤ ਫੈਲੀ ਹੋਈ ਸੀ। ਉਸ ਸਮੇਂ ਉਨ੍ਹਾਂ ਹੁਕਮ ਦਿੱਤਾ ਸੀ ਕਿ ਜੋ ਵੀ ਵਿਅਕਤੀ ਸ਼ਰਧਾ ਨਾਲ ਸਰੋਵਰ ਵਿਚ ਇਸ਼ਨਾਨ ਕਰੇਗਾ, ਉਸ ਪ੍ਰਾਣੀ ਦੇ ਰੋਗ ਦੂਰ ਹੋ ਜਾਣਗੇ। ਉਸ ਦਿਨ ਤੋਂ ਸੰਗਤ ਆਪਣੇ ਪਰਿਵਾਰ ਦੀ ਸੁੱਖ ਸ਼ਾਂਤੀ ਤੇ ਰੋਗ ਮੁਕਤੀ ਲਈ ਨਤਮਸਤਕ ਹੋ ਰਹੀ ਹੈ। ਬਹਾਦਰਗਡ ? ਤੋਂ ਚੱਲ ਕੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਇਕ ਸਿੱਖ ਭਾਈ ਭਾਗ ਰਾਮ ਦੀ ਬੇਨਤੀ ਮੰਨ ਕੇ (ਪਿੰਡ ਲਹਿਲ ਜੋ ਹੁਣ ਇਕ ਕਾਲੋਨੀ ਹੈ) ਵੱਲ ਇਕ ਪਾਣੀ ਦੇ ਟੋਭੇ ਦੇ ਕਿਨਾਰੇ ’ਤੇ 5 ਮਾਘ 1728 ਬਿਕਰਮੀ ਸੰਮਤ ਨੂੰ ਬਿਰਾਜਮਾਨ ਹੋਏ। ਲਹਿਲ ਪਿੰਡ ਵਿਚ ਉਸ ਸਮੇਂ ਬੱਚਿਆਂ ਦੀ ਸੋਕੇ ਦੀ ਬਿਮਾਰੀ ਫੈਲੀ ਹੋਈ ਸੀ। ਗੁਰੂ ਸਾਹਿਬ ਨੇ ਬਚਨ ਕੀਤੇ ਇੱਥੇ ਬਸੰਤ ਪੰਚਮੀ ਨੂੰ ਇਸ਼ਨਾਨ ਕਰਨ ਵਾਲੇ ਨੂੰ ਸਾਰੇ ਤੀਰਥਾਂ



ਦਾ ਫਲ ਪ੍ਰਾਪਤ ਹੋਵੇਗਾ। ਇਸ ਅਸਥਾਨ ’ਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਕਰ ਕਮਲਾਂ ਨਾਲ ਲਿਖਿਆ ਹੋਇਆ ਹੁਕਮਨਾਮਾ ਸੁਸ਼ੋਭਿਤ ਹੈ। ਪਟਿਆਲਾ ਰਾਜਪੁਰਾ ਰੋਡ ’ਤੇ ਸਥਿਤ ਬਹਾਦਰਗਡ ? ਦਾ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਨੌਵੀਂ ਮਹਾਨ ਵਿਰਾਸਤ ਨੂੰ ਸੰਭਾਲੀ ਬੈਠਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਇਸ ਅਸਥਾਨ ’ਤੇ ਦੋ ਵਾਰ ਪਧਾਰੇ ਸਨ। ਪਹਿਲੀ ਵਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਨੰਦਪੁਰ ਸਾਹਿਬ ਤੋਂ 25 ਅੱਸੂ, 1722 ਬਿਕਰਮੀ, 1665 ਈ. ਨੂੰ ਦੁਸਹਿਰਾ ਦੇਖ ਕੇ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਤੇ ਹੋਰ ਤਕਰੀਬਨ 300 ਸਿੱਖਾਂ ਭਾਈ ਨੱਥੂ ਰਾਮ ਦਾ ਰਬਾਬੀ ਜੱਥਾ ਤੇ ਕਿਰਪਾਲ ਚੰਦ ਜੀ ਸਮੇਤ ਸੰਗਤਾਂ ਨਾਲ ਧਰਮ ਦਾ ਪ੍ਰਚਾਰ ਕਰਦੇ ਹੋਏ ਕੀਰਤਪੁਰ ਸਾਹਿਬ, ਘਨੌਲੀ, ਰੋਪਡ ?, ਕਲੌਡ ?, ਉਗਾਣਾ ਸਰਾਏ, ਨੌ ਲੱਖਾ, ਟਹਿਲਪੁਰਾ ਪੁੱਜੇ ਸਨ ਤਾਂ ਇਥੋਂ ਗੁਰੂ ਜੀ ਦਾ ਮੁਰੀਦ ਨਵਾਬ ਸੈਫ਼ਦੀਨ (ਬਾਬਾ ਸੈਫ਼ ਖਾਂ) ਅਰਜ਼ ਬੇਨਤੀ ਕਰ ਕੇ ਆਪਣੇ ਨਗਰ ਸੈਫ਼ਾਬਾਦ (ਬਹਾਦਰਗਡ ?) ਲੈ ਆਇਆ। ਇਥੇ ਗੁਰੂ ਸਾਹਿਬ ਨੇ ਪੰਚਵਟੀ ਬਾਗ ’ਚ ਡੇਰਾ ਕੀਤਾ। ਗੁਰੂ ਜੀ ਇਸ ਫੇਰੀ ਦੌਰਾਨ ਇਥੇ 9 ਦਿਨ ਰਹੇ ਜਿਸ ਦੌਰਾਨ ਨਵਾਬ ਸੈਫ਼ ਖਾਂ ਨੇ ਗੁਰੂ ਜੀ ਨੂੰ ਆਪਣੇ ਮਹਿਲੀਂ ਲੈ ਜਾ ਕੇ ਟਹਿਲ ਸੇਵਾ ਕੀਤੀ ਤੇ ਸੌਗਾਤਾਂ ਭੇਟ ਕੀਤੀਆਂ। ਨਵਾਬ ਸੈਫ਼ਦੀਨ ਨੂੰ ਉਪਦੇਸ਼ ਦੇ ਕੇ ਗੁਰੂ ਜੀ ਅੱਗੇ ਦੁਖਨਿਵਾਰਨ ਸਾਹਿਬ (ਲਹਿਲ), ਅਵਲੋਵਾਲ ਹੁੰਦੇ ਹੋਏ ਆਸਾਮ ਨੂੰ ਚਲੇ ਗਏ। ਦੂਸਰੀ ਫੇਰੀ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਹਿੰਦੂ ਧਰਮ ਦੀ ਰੱਖਿਆ ਕਰਨ ਲਈ 11 ਹਾਡ ? 1732 ਬਿਕਰਮੀ ਨੂੰ ਕੁਝ ਸਿਦਕੀ ਸਿੱਖਾਂ ਦੀਵਾਨ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲ ਦਾਸ ਜੀ, ਭਾਈ ਗੁਰਦਿੱਤਾ ਜੀ, ਭਾਈ ਊਦਾ ਜੀ ਰਾਠੌਡ ? ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਚਾਲੇ ਪਾ ਕੇ ਅਨੇਕ ਨਗਰਾਂ ਨੂੰ ਭਾਗ ਲਾਉਂਦੇ ਹੋਏ ਆਪਣੇ ਮੁਰੀਦ ਨਵਾਬ ਸੈਫਦੀਨ (ਬਾਬਾ ਸੈਫ ਖਾਂ) ਤੇ ਸੰਗਤਾਂ ਦੇ ਪ੍ਰੇਮ ਵੱਸ 16 ਹਾਡ ? 1732 ਬਿਕਰਮੀ ਨੂੰ ਇੱਥੇ ਆਣ ਬਿਰਾਜੇ ਸਨ ਤੇ ਤਿੰਨ ਮਹੀਨੇ ਦੋ ਦਿਨ ਇੱਥੇ ਬਿਰਾਜਮਾਨ ਰਹੇ। 17 ਅੱਸੂ 1732 ਬਿਕਰਮੀ ਨੂੰ ਗੁਰੂ ਸਾਹਿਬ ਨੇ ਇੱਥੋਂ ਚਾਲੇ ਪਾ ਕੇ ਗੁਰਦੁਆਰਾ ਮੋਤੀ ਬਾਗ, ਸਮਾਣਾ, ਕਰਾ ਤੇ ਆਗਰੇ ਪੁੱਜ ਕੇ ਆਜਡ ?ੀ ਸਈਅਦ ਹਸਨ ਅਲੀ ਖਾਂ ਰਾਹੀਂ ਗ੍ਰਿਫਤਾਰ ਹੋ ਕੇ ਦਿੱਲੀ ਵਿਚ 12 ਮੱਘਰ ਸੁੱਦੀ ਪੰਚਮੀ ਸੰਮਤ 1732, 11 ਨਵੰਬਰ 1675 ਈ. ਨੂੰ ਧਰਮ ਦੀ ਰਾਖੀ ਲਈ ਕੁਰਬਾਨੀ ਦਿੱਤੀ। ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ 1883 ਈ. ਵਿਚ ਕਿਲ੍ਹੇ ਦੇ ਅੰਦਰ ਤੇ ਕਿਲ੍ਹੇ ਤੋਂ ਬਾਹਰ ਗੁਰੂ ਅਸਥਾਨਾਂ ਦੀ ਸੇਵਾ ਕਰਵਾਈ ਤੇ ਇਸ ਨਗਰ ਦਾ ਨਾਂ ਸੈਫ਼ਾਬਾਦ ਤੋਂ ਬਦਲ ਕੇ ਬਹਾਦਰਗਡ ? ਰੱਖ ਦਿੱਤਾ ਸੀ। ਬਾਅਦ ਵਿਚ ਕਾਰਸੇਵਾ ਵਾਲੇ ਬਾਬਾ ਬਖਸ਼ੀਸ਼ ਸਿੰਘ ਜੀ ਤੇ ਬਾਬਾ ਗੁਰਮੇਲ ਸਿੰਘ ਜੀ ਨੇ ਗੁਰਦੁਆਰੇ ਦੀ ਨਵੀਂ ਇਮਾਰਤ ਦਾ ਨਿਰਮਾਣ ਕਰਵਾਇਆ। ਇਥੇ ਹਰ ਸਾਲ ਵਿਸਾਖੀ ਨੂੰ ਭਾਰੀ ਜੋਡ ? ਮੇਲਾ ਭਰਦਾ ਹੈ। ਇੱਥੇ ਹਰ ਵਰ੍ਹੇ 16 ਹਾਡ ? ਨੂੰ ‘ਸ਼ੁਭ ਆਗਮਨ ਦਿਹਾਡ ?ਾ’ ਮਨਾਇਆ ਜਾਂਦਾ ਹੈ ਤੇ ਨਗਰ ਕੀਰਤਨ ਸਜਾਇਆ ਜਾਂਦਾ ਹੈ। ਹਰ ਸੰਗਰਾਂਦ ਤੇ ਗੁਰਪੁਰਬ ਦੇ ਮੌਕੇ ਦੀਵਾਨ ਸਜਾਏ ਜਾਂਦੇ ਹਨ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਹੈ। 24 ਘੰਟੇ ਇੱਥੇ ਲੰਗਰ ਵਰਤਦਾ ਹੈ ਅਤੇ ਯਾਤਰੀਆਂ ਲਈ ਯਾਤਰੀ ਨਿਵਾਸ ਵੀ ਮੌਜੂਦ ਹੈ। ਇਸ ਸਮੇਂ ਇਥੇ ਗੁਰਲਾਲ ਸਿੰਘ ਨਲੀਨੀ ਬਤੌਰ ਮੈਨੇਜਰ ਤੇ ਭਾਈ ਅਵਤਾਰ ਸਿੰਘ ਬਤੌਰ ਹੈਡ ਗ੍ਰੰਥੀ ਸੇਵਾ ਨਿਭਾ ਰਹੇ ਹਨ।

## ਕਾਂਗਰਸ ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕੀਤਾ ਸਮਾਣਾ ਦਾ ਦੌਰਾ ਸਾਬਕਾ ਵਿਧਾਇਕ ਨਿਰਮਲ ਸਿੰਘ ਨਾਲ ਕੀਤੀ ਮੁਲਾਕਾਤ



**ਪਟਿਆਲਾ/ਸਮਾਣਾ/ਇਕਬਾਲ ਸਿੰਘ**

ਇਸ ਮੌਕੇ ਤੇ ਸਾਬਕਾ ਪ੍ਰਦੇਸ਼ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕੀਤਾ ਸਮਾਣਾ ਦਾ ਦੌਰਾ ਅਤੇ ਨਿਰਮਲ ਸਿੰਘ ਨਾਲ ਕੀਤੀ ਮੁਲਾਕਾਤ ਅਤੇ ਇਸ ਮੌਕੇ ਉਨ੍ਹਾਂ ਨੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਦੇ ਸਬੰਧ ਵਿੱਚ ਚਰਚਾ ਕੀਤੀ। ਇਸ ਵਾਰਤਾਲਾਪ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਹੁਣ ਆਪਾਂ ਕੁੱਝ ਨਰਾਜ਼ਗੀ ਦੂਰ ਕਰਨੀਆਂ ਹਨ। ਉਨ੍ਹਾਂ ਨੇ ਕਿਹਾ ਕਿ ਅਸੀਂ ਇੱਕ ਬੜੇ ਜ਼ਿੰਮੇਵਾਰ ਉਪੋਜੀਸਨ ਦਾ ਰੋਲ ਨਿਭਾ ਰਹੇ ਹਾਂ। ਅਸੀਂ ਸਰਕਾਰ ਨੂੰ ਜਵਾਬਦੇਹ ਬਣਾ ਰਹੇ ਹਾਂ। ਉਹਨਾਂ ਕਿਹਾ ਕਿ ਇਸ ਕਰਕੇ ਇਨ੍ਹਾਂ ਗੱਲਾਂ ਵਿਚ ਨਾਂ ਪਿਆ ਜਾਵੇ ਗੱਲ ਸਿਰਫ ਏਨੀ ਕਿ ਕਰਨ ਵਾਲੀ ਹੈ ਕੀ ਅਸੀਂ ਆਪਣੇ ਸੰਗਠਨ ਵਿਚ ਕਾਂਗਰਸ ਟਿਸੀ ਤੇ ਉਠਾਉਣੀ ਹੈ।÷÷ ਕੁਝ ਰਿਪੋਰਟਾਂ; ਵੱਲੋਂ ਪੁੱਛਿਆ ਗਿਆ ਕਿ ਪੰਜਾਬ ਅਤੇ ਹਰਿਆਣਾ ਵਿੱਚ ਕੁਝ ਪਾਣੀ ਦੇ ਮੁੱਦਿਆਂ ਨੂੰ ਲੈ ਕੇ ਵਰਤਲਾਪ ਚੱਲ ਰਹੀ ਕੇ ਇਸ ਨੂੰ ਤੁਸੀਂ ਕਿਵੇਂ ਹੱਲ ਕਰੋਗੇ। ਇਸ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਪਾਣੀ ਸਾਡੀਆਂ ਆਪ ਦੀਆਂ ਜ਼ਰੂਰਤਾਂ ਲਈ ਨਹੀਂ ਹੈ ਅਤੇ ਅਸੀਂ ਕਿਸੇ ਨੂੰ ਕੀ ਪਾਣੀ ਦੇ ਦਵਾਂਗੇ ਅਤੇ ਰਹੀ ਪਾਣੀ ਲੈਣ ਦੀ ਗੱਲ ਤਾਂ ਕੋਈ ਕਿਵੇਂ ਇਥੇ ਡਾਕਾ ਮਾਰ ਜਾਵੇਗਾ । ਇਸ ਕਰਕੇ ਇਹ ਲੜਾਈ ਪਹਿਲਾਂ ਵੀ ਲੜੀ ਹੈ ਹੁਣ ਵੀ ਲੜਾਂਗੇ ਪੰਜਾਬ ਦੇ ਹੱਕ ਸੱਚ ਦੀ ਲੜਾਈ ਵਿਚ ਪਾਣੀਆਂ ਦੇ ਮੁੱਦੇ ਉੱਤੇ ਬੜਾ ਸਖ਼ਤ ਸਟੈਂਡ ਹੈ ਪੰਜਾਬੀ ਦਾ ਹਰੇਕ ਪੰਜਾਬੀ ਆੜਬ ਹੈ। ਜਦੋਂ ਸਾਡੇ ਕੋਲ ਪਾਣੀ ਹੀ ਨਹੀਂ ਹੈ ਤਾਂ ਅਸੀਂ ਕਿੱਥੋਂ ਦਵਾਂਗੇ ਅਤੇ ਜੇ ਅਸੀਂ ਪਾਣੀ ਦੇਣਾ ਹੀ ਹੋਵੇਗਾ ਤਾਂ ਅਸੀਂ ਆਪਣੇ ਖੇਤਾਂ ਵਿੱਚ ਪਾਣੀ ਮੁੜ ਪਹੁੰਚਾਵਾਂਗੇ। ਇਸ ਕਰਕੇ ਉਨ੍ਹਾਂ ਕਿਹਾ ਕਿ ਪਾਣੀ ਦਾ ਮੁੱਦਾ ਭੁੱਲ ਜਾਵੋ ਕੀ ਤੁਸੀਂ ਪਾਣੀ ਦਾ ਮੁੱਦਾ ਉਠਾ ਕੇ ਇਸ ਨੂੰ ਇਲੈਕਸ਼ਨ ਜਿੱਤਣ ਲਈ ਵਰਤੋਂਗੇ। ਉਨ੍ਹਾਂ ਕਿਹਾ ਕਿ ਇਹ ਬਹੁਤ ਪੁਰਾਣਾ ਮੁੱਦਾ ਹੈ ਅਤੇ ਸਾਡਾ ਬਹੁਤ ਪੁਰਾਣਾ ਸਟੈਂਡ ਹੈ ਹਰੇਕ ਪੰਜਾਬੀ ਇਸ ਸਟੈਂਡ ਉੱਤੇ ਖੜਾ ਹੈ।


## ਯੋਗ ਲਾਭਪਾਤਰੀਆਂ ਨੂੰ ਕਿਸਾਨ ਕ੍ਰੈਡਿਟ ਕਾਰਡ ਦੀ ਸਹੂਲਤ ਦੇਣ ਲਈ, 24 ਅਪ੍ਰੈਲ ਤੋ ਪਹਿਲੀ ਮਈ ਤੱਕ ਵਿਸ਼ੇਸ਼ ਮੁਹਿੰਮ

**ਲੁਧਿਆਣਾ/ਸੁਖਚੈਨ ਮਹਿਰਾ**

ਭਾਰਤ ਸਰਕਾਰ ਦੀ ਮੁਹਿੰਮ @ਕਿਸਾਨ ਭਾਗੀਦਾਰੀ ਪ੍ਰਾਥਮਿਕਤਾ ਹਮਾਰੀ@ ਤਹਿਤ ਸਾਰੇ ਕਿਸਾਨਾਂ ਨੂੰ ਚੱਲ ਰਹੀਆਂ ਸਕੀਮਾਂ ਖਾਸ ਕਰਕੇ ਕਿਸਾਨ ਕ੍ਰੈਡਿਟ ਕਾਰਡ ਸਕੀਮ ਦਾ ਲਾਭ ਦਿਵਾਉਣ ਲਈ ਵਿਸ਼ੇਸ਼ ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਮੀਟਿੰਗ ਅੱਜ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ ਦੀ ਪ੍ਰਧਾਨਗੀ ਹੇਠ ਹੋਈ।

ਇਸ ਮੌਕੇ ਬੋਲਦਿਆਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀ ਪੰਚਾਲ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਬੈਂਕਾਂ ਵੱਲੋਂ 24 ਅਪ੍ਰੈਲ 2022 ਤੋਂ 01 ਮਈ 2022 ਤੱਕ ਜ਼ਿਲ੍ਹਾ ਪ੍ਰਸ਼ਾਸਨ, ਸਬੰਧਤ ਵਿਭਾਗਾਂ, ਨਾਬਾਰਡ ਅਤੇ ਸਥਾਨਕ ਸਵੈ-ਸਰਕਾਰੀ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ ਤਾਂ ਜੋਂ ਬੈਂਕ ਸਖੀ, ਏਜੰਟਾ ਅਤੇ ਬੈਂਕ ਦੇ ਨੈਟਵਰਕ ਰਾਹੀਂ ਲਾਭਪਾਤਰੀਆਂ ਨੂੰ ਕਿਸਾਨ ਕ੍ਰੈਡਿਟ ਕਾਰਡ ਦੀ ਸਹੂਲਤ ਪ੍ਰਦਾਨ ਕੀਤੀ ਜਾ ਸਕੇ।

ਉਨ੍ਹਾ ਅੱਗੇ ਕਿਹਾ ਕਿ ਕਿਸਾਨ ਕ੍ਰੈਡਿਟ ਕਾਰਡ ਸਕੀਮ ਅਧੀਨ ਸਕੀਮ ਤੋਂ ਵਾਂਝੇ ਕਿਸਾਨਾਂ ਦੀ ਵੱਧ ਤੋਂ ਵੱਧ ਕਵਰੇਜ ਨੂੰ ਯਕੀਨੀ ਬਣਾਉਣ ਲਈ 24 ਅਪ੍ਰੈਲ 2022 ਨੂੰ ਇੱਕ ਵਿਸ਼ੇਸ਼ ਗ੍ਰਾਮ ਸਭਾ ਕਰਵਾਈ ਜਾਵੇਗੀ। ਜਿਨ੍ਹਾਂ ਕਿਸਾਨਾਂ ਕੋਲ ਕੇ.ਸੀ.ਸੀ. ਨਹੀਂ ਹੈ, ਉਨ੍ਹਾਂ ਨੂੰ ਸਰਪੰਚ/ਪ੍ਰਧਾਨ ਦੁਆਰਾ ਫਾਰਮ ਭਰਨ ਲਈ ਲਾਮਬੰਦ ਕੀਤਾ ਜਾਵੇਗਾ। ਮੀਟਿੰਗ ਵਿੱਚ ਲੀਡ ਬੈਂਕ ਮੈਨੇਜਰ ਸ੍ਰੀ ਸੰਜੇ ਗੁਪਤਾ ਨੇ ਜ਼ਿਲ੍ਹੇ ਵਿੱਚ ਯੋਗ ਕਿਸਾਨਾਂ ਨੂੰ



ਕੇ.ਸੀ.ਸੀ. ਮੁਹੱਈਆ ਕਰਵਾਉਣ ਦੀ ਲੋੜ @ਤੇ ਚਾਨਣਾ ਪਾਇਆ। ਉਨ੍ਹਾਂ ਇਸ ਮੁਹਿੰਮ ਦੀ ਸਫ਼ਲਤਾ ਲਈ ਜ਼ਿਲ੍ਹਾ ਪੱਧਰ @ਤੇ ਸਰਕਾਰੀ ਅਧਿਕਾਰੀਆਂ ਅਤੇ ਸਥਾਨਕ ਪੱਧਰ @ਤੇ ਪੰਚਾਇਤੀ ਰਾਜ ਸੰਸਥਾਵਾਂ ਦੀ ਸ਼ਮੂਲੀਅਤ ਦੀ ਮਹੱਤਤਾ ਨੂੰ ਦੁਹਰਾਇਆ। ਉਨ੍ਹਾਂ ਸਾਰੇ ਭਾਗੀਦਾਰ ਬੈਂਕਾਂ ਨੂੰ ਇਸ ਯੋਜਨਾ ਨੂੰ ਜ਼ਮੀਨੀ ਪੱਧਰ @ਤੇ ਲਾਗੂ ਕਰਨ ਦੀ ਵੀ ਅਪੀਲ ਕੀਤੀ। ਕਲੱਸਟਰ ਹੈੱਡ ਨਾਬਾਰਡ ਸ੍ਰੀ ਦਵਿੰਦਰ ਕੁਮਾਰ ਨੇ ਅੱਗੇ ਕਿਹਾ ਕਿ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਨਾਬਾਰਡ ਸਾਰੇ ਭਾਗੀਦਾਰਾਂ ਨਾਲ ਤਾਲਮੇਲ ਕਰ ਰਿਹਾ ਹੈ। ਇਸ ਮੁਹਿੰਮ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਨਾਬਾਰਡ ਵੱਲੋਂ ਜ਼ਿਲ੍ਹੇ ਵਿੱਚ ਵਿਸ਼ੇਸ਼ ਵਿੱਤੀ ਸਾਖਰਤਾ ਕੈਂਪ ਵੀ ਲਗਾਏ ਜਾ ਰਹੇ ਹਨ। ਮੀਟਿੰਗ ਦੌਰਾਨ ਡੀ.ਡੀ.ਪੀ.ਓ. ਸ੍ਰੀ ਸੰਜੀਵ ਕੁਮਾਰ, ਮੁੱਖ ਖੇਤੀਬਾੜੀ ਅਫ਼ਸਰ ਸ. ਨਰਿੰਦਰ ਸਿੰਘ ਬੈਨੀਪਾਲ, ਡੀ.ਡੀ.ਐਮ. ਨਬਾਰਡ ਸ੍ਰੀ ਸੰਜੀਵ ਕੁਮਾਰ, ਜ਼ਿਲ੍ਹੇ ਦੇ ਸਾਰੇ ਬਲਾਕਾਂ ਦੇ ਬੀ.ਡੀ.ਪੀ.ਓਜ਼, ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ ਵਿਭਾਗ ਦੇ ਨੋਡਲ ਅਫ਼ਸਰ ਅਤੇ ਸਾਰੇ ਬੈਂਕਾਂ ਦੇ ਜ਼ਿਲ੍ਹਾ ਕੋਆਰਡੀਨੇਟਰ ਵੀ ਹਾਜ਼ਰ ਸਨ।

# ਹਰਿਦੁਆਰ ਦੀ ਤਰਜ਼ 'ਤੇ ਵਰਿੰਦਾਵਨ ਵਿਚ ਬਣੇਗੀ ਫਾਈਵ ਸਟਾਰ ਬਾਹਵਾਲਪੁਰੀ ਧਰਮਸ਼ਾਲਾ : ਜਗਦੀਸ਼ ਜੱਗਾ



**ਪਟਿਆਲਾ/ਰਾਜਪੁਰਾ/ਇਕਬਾਲ ਸਿੰਘ**

ਬੀਤੇ ਦਿਨ ਬਾਹਵਲਪੁਰ ਮਹਾਸੰਘ ਦੀ ਪ੍ਰਧਾਨਗੀ ਨੂੰ ਲੈ ਕੇ ਨਵੀਂ ਦਿੱਲੀ ਦੇ ਅਸ਼ੋਕ ਨਗਰ ਵਿਚ ਇਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਰਾਜਪੁਰਾ, ਸਮਾਣਾ, ਪਟਿਆਲਾ ਅਤੇ ਦਿੱਲੀ ਤੋਂ ਬਾਹਵਲਪੁਰ ਮਹਾਸੰਘ ਦੇ ਮੁੱਖ ਆਗੂਆਂ ਵਲੋਂ ਸਾਲ 2022 ਤੋਂ 2025 ਤੱਕ ਲਈ ਨਵੇਂ ਪ੍ਰਧਾਨ ਦੀ ਚੋਣ ਕੀਤੀ ਗਈ। ਇਸ ਮੀਟਿੰਗ ਵਿੱਚ ਬਾਹਵਲਪੁਰ ਮਹਾਸੰਘ ਦੇ ਪਿਛਲੇ ਪ੍ਰਧਾਨ ਸ਼੍ਰੀ ਮਦਨ ਲਾਲ ਹਸੀਜਾ ਵਲੋਂ ਆਪਣੀ ਸਿਹਤ ਨੂੰ ਲੈ ਕੇ ਅੱਗੇ ਕਿਸੇ ਹੋਰ ਯੋਗ ਵਿਅਕਤੀ ਨੂੰ ਪ੍ਰਧਾਨ ਬਣਾਉਣ ਦੀ ਗੱਲ ਰੱਖੀ ਅਤੇ ਆਪਣਾ ਅਸਤੀਫ਼ਾ ਦਿੱਤਾ। ਉੱਥੇ ਮੌਜੂਦ ਬਾਹਵਲਪੁਰ ਮਹਾਸੰਘ ਦੇ ਹਾਊਸ ਦੇ ਮੈਂਬਰਾਂ ਵਲੋਂ ਅਗਲਾ ਪ੍ਰਧਾਨ ਸਰਵਸੰਮਤੀ ਨਾਲ ਬਨਾਉਣ ਦੀ ਅਪੀਲ ਕੀਤੀ ਗਈ ਜਿਸ ਤੋਂ ਬਾਅਦ ਮੌਜੂਦ ਅਲੱਗ ਅਲੱਗ ਪੰਚਾਇਤਾਂ ਦੇ ਮੁੱਖੀਆਂ ਵਲੋਂ ਰਾਜਪੁਰਾ ਦੇ ਜਗਦੀਸ਼ ਕੁਮਾਰ ਜੱਗਾ ਅਤੇ ਸਮਾਣਾ ਦੇ ਗਿਆਨ ਚੰਦ ਕਟਾਰੀਆ ਵਿਚੋਂ ਕਿਸੇ ਇਕ ਨੂੰ ਪ੍ਰਧਾਨ ਬਨਾਉਣ ਦਾ ਨਾਮ ਰੱਖਿਆ, ਪਰ ਜਗਦੀਸ਼ ਕੁਮਾਰ ਜੱਗਾ ਨੇ ਗਿਆਨ ਚੰਦ ਕਟਾਰੀਆ ਨੂੰ ਅਗਲਾ ਪ੍ਰਧਾਨ ਬਣਾਉਣ ਦੀ ਅਪੀਲ ਕੀਤੀ ਗਈ। ਸਰਵਸੰਮਤੀ ਨਾਲ ਗਿਆਨ ਚੰਦ ਕਟਾਰੀਆ ਨੂੰ ਬਾਹਵਲਪੁਰ ਮਹਾਸੰਘ ਦਾ ਨਵਾਂ ਪ੍ਰਧਾਨ ਘੋਸ਼ਿਤ ਕਰ ਦਿੱਤਾ ਗਿਆ।

ਇਸ ਮੌਕੇ ਉਤੇ ਜਗਦੀਸ਼ ਜੱਗਾ ਨੇ ਕਿਹਾ ਕਿ ਬਾਹਵਲਪੁਰ ਮਹਾਸੰਘ ਵਿੱਚ ਕੰਮ ਕਰਨ ਲਈ ਨਵੇਂ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਐਲਾਨ ਕੀਤਾ ਕਿ ਬਾਹਵਲਪੁਰ ਮਹਾਸੰਘ ਵਲੋਂ ਛੇਤੀ ਹੀ ਸ਼੍ਰੀ ਕ੍ਰਿਸ਼ਨ ਨਗਰੀ ਵਰਿੰਦਾਵਨ ਵਿਚ ਹਰਿਦੁਆਰ ਵਾਂਗ ਇਕ ਬਹੁਤ ਖੂਬਸੂਰਤ ਫਾਈਵ ਸਟਾਰ ਬਾਹਵਾਲਪੁਰੀ ਧਰਮਸ਼ਾਲਾ ਬਣਾਈ ਜਾਵੇਗੀ ਜਿਸ @ਤੇ ਕੰਮ ਜਲਦੀ ਹੀ ਸ਼ੁਰੂ ਹੋਵੇਗਾ।

ਇਸ ਮੌਕੇ ਤੇ ਸਾਰੀਆਂ ਪੰਚਾਇਤਾਂ ਵਲੋਂ ਸ਼੍ਰੀ ਗਿਆਨ ਚੰਦ ਕਟਾਰੀਆ ਨੂੰ ਫੁੱਲਾਂ ਦੇ ਹਾਰ ਪਾ ਕੇ ਵਧਾਈਆਂ ਦਿੱਤੀਆਂ ਗਈਆਂ। ਇਸ ਦੌਰਾਨ ਨਵੇਂ ਪ੍ਰਧਾਨ ਬਣੇ ਗਿਆਨ ਚੰਦ ਕਟਾਰੀਆ ਨੇ ਕਿਹਾ ਕਿ ਅੱਜ ਜਿਹੜੀ ਉਨ੍ਹਾਂ ਨੂੰ ਨਵੇਂ ਪ੍ਰਧਾਨ ਦੀ ਜਿੰਮੇਵਾਰੀ ਦਿੱਤੀ ਗਈ ਹੈ, ਉਹ ਉਸਨੂੰ ਪੂਰੇ ਤਨ ਮਨ ਧਨ ਨਾਲ ਨਿਭਾਉਣ ਦੀ ਕੋਸ਼ਿਸ਼ ਕਰਨਗੇ ਤੇ ਸਭ ਨੂੰ ਨਾਲ ਲੈ ਕੇ ਚੱਲਣਗੇ। ਇਸ ਤੋਂ ਇਲਾਵਾ ਉਹਨਾਂ ਨੇ ਛੇਤੀ ਹੀ ਨਵੀਂ ਕਾਰਜਕਰਨੀ ਬਨਾਉਣ ਲਈ ਵੀ ਕਿਹਾ। ਇਸ ਮੌਕੇ @ਤੇ ਮੀਟਿੰਗ ਵਿੱਚ ਸ਼੍ਰੀ ਭਗਵਾਨ ਦਾਸ ਸੇਠੀ, ਸ਼੍ਰੀ ਕਰਮ ਚੰਦ ਦਿੱਲੀ ਵਾਲੇ, ਮਹਾਭਾਰਤ ਦੇ ਕਿਰਦਾਰ ਸ਼੍ਰੀ ਗਿਰਜਾ ਸ਼ੰਕਰ, ਰਾਜਪੁਰਾ ਤੋਂ ਜਗਦੀਸ਼ ਜੱਗਾ, ਸ਼੍ਰੀ ਰਜਿੰਦਰ ਰਾਜਾ, ਜਗਦੀਸ਼ ਬੁਧੀਰਾਜਾ, ਯਸ਼ਪਾਲ ਸਿੰਧੀ, ਮੁੱਖੀ ਅਨੇਕ ਚੰਦ, ਪ੍ਰਦੀਪ ਭਾਟੀਆ, ਸ਼ਾਮ ਸੁੰਦਰ ਵਧਵਾ, ਸਤਪਾਲ, ਸ਼ੰਕਰ ਲਾਲ ਚਾਵਲਾ ਸਹਿਤ ਕਈ ਮੁੱਖ ਆਗੂ ਅਤੇ ਹੋਰ ਮੈਂਬਰ ਹਾਜਰ ਸਨ।

## ਪੰਜਾਬ ਸਰਕਾਰ ਵੱਲੋਂ ਜਾਰੀ ਕੋਵਿਡ-19 ਐਡਵਾਈਜ਼ਰੀ ਤਹਿਤ ਮਾਸਕ ਪਾਉਣ ਦੀ ਸਲਾਹ



**ਲੁਧਿਆਣਾ/ਸੁਖਚੈਨ ਮਹਿਰਾ**

ਡਿਪਟੀ ਕਮਿਸ਼ਨਰ ਲੁਧਿਆਣਾ ਸ਼੍ਰੀਮਤੀ ਸੁਰਭੀ ਮਲਿਕ ਨੇ ਅੱਜ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁਝ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਕੋਵਿਡ ਦੇ ਵੱਧ ਰਹੇ ਕੇਸਾਂ ਦੇ ਮੱਦੇਨਜ਼ਰ, ਪੰਜਾਬ ਸਰਕਾਰ ਨੇ ਵਸਨੀਕਾਂ ਨੂੰ ਭੀੜ-ਭੜੱਕੇ ਵਾਲੀਆਂ ਥਾਵਾਂ @ਤੇ ਮਾਸਕ ਪਹਿਨਣ ਦੀ ਸਲਾਹ ਦਿੱਤੀ ਹੈ। ਅੱਜ ਜਾਰੀ ਕੀਤੀ ਗਈ ਤਾਜ਼ਾ ਅਡਵਾਈਜ਼ਰੀ ਤਹਿਤ, ਬੰਦ ਵਾਤਾਵਰਨ ਜਿਵੇਂ ਕਿ ਬੱਸਾਂ, ਰੇਲ ਗੱਡੀਆਂ, ਹਵਾਈ ਜਹਾਜ਼ਾਂ, ਟੈਕਸੀ ਆਦਿ, ਸਿਨੇਮਾ ਹਾਲ, ਸ਼ਾਪਿੰਗ ਮਾਲ, ਡਿਪਾਰਟਮੈਂਟਲ ਸਟੋਰ ਆਦਿ, ਸਕੂਲਾਂ ਦੇ ਕਮਰਿਆਂ, ਦਫ਼ਤਰ ਦੇ ਕਮਰਿਆਂ, ਅੰਦਰੂਨੀ ਇਕੱਠ ਆਦਿ ਵਿੱਚ ਮਾਸਕ ਪਹਿਨਣਾ ਵਿਸ਼ੇਸ਼ ਤੌਰ @ਤੇ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਵੱਲੋਂ ਸਮੂਹ ਲੁਧਿਆਣਾ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਸਾਡੇ ਸਮਾਜ ਦੇ ਹਿੱਤ ਵਿੱਚ ਇਸ ਅਡਵਾਈਜ਼ਰੀ ਦੀ ਪਾਲਣਾ ਕਰਨ।

# ਲੁਧਿਆਣਾ (ਦਿਹਾਤੀ) ਪੁਲਿਸ ਵੱਲੋਂ ਆਮ ਜਨਤਾ ਦੀਆਂ ਦਰਖਾਸਤਾਂ ਦੇ ਨਿਪਟਾਰੇ ਲਈ ਵਿਸ਼ੇਸ਼ ਰਾਹਤ ਕੈਂਪ ਆਯੋਜਿਤ

## ਵੱਖ-ਵੱਖ ਕੇਸਾਂ ਦੀਆਂ ਕਰੀਬ 250 ਦਰਖਾਸਤਾਂ ਦਾ ਮੌਕੇ 'ਤੇ ਨਿਪਟਾਰਾ





**ਜਗਰਾਉਂ/ਲੁਧਿਆਣਾ/ਸੁਖਚੈਨ ਮਹਿਰਾ**

ਪੰਜਾਬ ਸਰਕਾਰ ਵੱਲੋ ਆਮ ਲੋਕਾਂ ਦੀ ਸਹੂਲਤ ਦੇ ਮੱਦੇਨਜ਼ਰ ਪੈਡਿੰਗ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਨਿਪਟਾਉਣ ਲਈ ਡਾਇਰੈਕਟਰ ਜਨਰਲ ਆਫ ਪੁਲਿਸ ਪੰਜਾਬ, ਚੰਡੀਗੜ ਦੇ ਦਿਸਾਂ-ਨਿਰਦੇਸਾਂ ਤਹਿਤ ਸ੍ਰੀ ਦੀਪਕ ਹਿਲੋਰੀ, ਆਈ.ਪੀ.ਐਸ, ਐਸ.ਐਸ.ਪੀ, ਲੁਧਿਆਣਾ (ਦਿਹਾਤੀ) ਦੀ ਸੁਚੱਜੀ ਰਹਿਣਨੁਮਾਈ ਹੇਠ ਜਿਲਾ ਲੁਧਿਆਣਾ (ਦਿਹਾਤੀ) ਵਿਖੇ ਰੁਪਿੰਦਰ ਕੌਰ ਸਰਾਂ, ਪੀ.ਪੀ.ਐਸ., ਐਸ.ਪੀ. ਸ਼ਪੈਸ਼ਲ ਬ੍ਰਾਂਚ, ਲੁਧਿਆਣਾ (ਦਿਹਾਤੀ) ਨੇ ਆਪਣੀ ਟੀਮ ਸਮੇਤ ਜਿਲਾ ਲੁਧਿਆਣਾ (ਦਿਹਾਤੀ) ਵਿਖੇ ਦਰਖਾਸਤਾਂ ਦੇ ਨਿਪਟਾਰੇ ਸਬੰਧੀ ਅੱਜ ਵਿਸ਼ੇਸ @ਰਾਹਤ ਕੈਪ@ ਦਾ ਆਯੋਜਨ ਕੀਤਾ ਗਿਆ।

ਸਬ-ਡਵੀਜਨ ਜਗਰਾਉਂ ਦੀ ਪੁਲਿਸ ਲਾਈਨ, ਲੁਧਿਆਣਾ (ਦਿਹਾਤੀ) ਵਿਖੇ, ਸਬ-ਡਵੀਜਨ ਦਾਖਾ ਦੇ ਡਾ. ਬੀ.ਆਰ.ਅੰਬੇਦਕਰ ਭਵਨ ਦਾਖਾ ਵਿਖੇ, ਸਬ-ਡਵੀਜਨ ਰਾਏਕੋਟ ਦੇ ਦਫਤਰ ਡੀ.ਐਸ.ਪੀ. ਰਾਏਕੋਟ ਵਿਖੇ ਲੋਕਾਂ ਦੀ ਸਹੂਲਤ ਦੇ ਮੱਦੇਨਜਰ ਲੋਕਾਂ ਦੇ ਬੈਠਣ ਲਈ ਚੰਗੇ ਪ੍ਰਬੰਧ ਕੀਤੇ ਗਏ ਅਤੇ ਚਾਹ-ਪਾਣੀ ਦੀ ਵਿਵਸਥਾ ਵੀ ਕੀਤੀ ਗਈ। ਇਸ ਵਿਸ਼ੇਸ ਕੈਂਪ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਨੂੰ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਵੱਲੋ ਵਿਸ਼ੇਸ ਧਿਆਨ ਨਾਲ ਸੁਣਕੇ ਮੌਕੇ @ਤੇ ਸੁਲਝਾਉਂਦੇ ਹੋਏ ਯੋਗ ਹੱਲ ਕੱਢੇ ਗਏ। ਇਸ ਵਿਸ਼ੇਸ ਕੈਂਪ ਦੌਰਾਨ ਮੈਟਰੀਮੋਨੀਅਲ ਨਾਲ ਸਬੰਧਿਤ ਦਰਖਾਸਤਾਂ, ਜਮੀਨੀ ਜਾਇਦਾਦ, ਪੈਸੇ ਦੇ ਲੈਣ ਦੇਣ ਸਬੰਧੀ ਅਤੇ ਹੋਰ ਲੜਾਈ ਝਗੜੇ ਨਾਲ ਸਬੰਧਤ ਕਰੀਬ 250 ਦਰਖਾਸਤਾਂ ਦਾ ਮੌਕੇ @ਤੇ ਹੀ ਨਿਪਟਾਰਾ ਕੀਤਾ ਗਿਆ। ਪੁਲਿਸ ਵਿਭਾਗ ਦੇ ਇਸ ਉਪਰਾਲੇ ਦੀ ਲੋਕਾਂ ਵੱਲੋ ਸ਼ਲਾਘਾ ਕੀਤੀ ਜਾ ਰਹੀ ਹੈ। ਰੁਪਿੰਦਰ ਕੌਰ ਸਰਾਂ, ਪੀ.ਪੀ.ਐਸ, ਐਸ.ਪੀ. ਸ਼ਪੈਸ਼ਲ ਬ੍ਰਾਂਚ, ਲੁਧਿਆਣਾ (ਦਿਹਾਤੀ) ਵੱਲੋ ਦੱਸਿਆ ਗਿਆ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕਰਨ ਲਈ ਆਉਣ ਵਾਲੇ ਸਮੇਂ ਦੌਰਾਨ ਵੀ ਅਜਿਹੇ ਕੈਂਪ ਲਗਾਏ ਜਾਣਗੇ।

# ਪ੍ਰਭ ਗਿੱਲ ਆਪਣੇ ਨਵੇਂ ਟਰੈਕ 'ਜੋਗੀਆ' ਦੇ ਨਾਲ ਸਰੋਤਿਆਂ ਨੂੰ ਆਤਮ-ਖੋਜ ਦੀ ਯਾਤਰਾ 'ਤੇ ਲੈ ਜਾਂਦੇ ਹਨ




**ਚੰਡੀਗੜ੍ਹ/ਲੋਕ ਬਾਣੀ**

ਬੈਕ-ਟੂ-ਬੈਕ ਹਿੱਟ ਰੋਮਾਂਟਿਕ ਸਿੰਗਲ ਦੇਣ ਦੇ ਲਈ ਪਾਲੀਵੁੱਡ/ਪੰਜਾਬੀ ਫਿਲਮ ਉਦਯੋਗ ਦੇ ਰੋਮਾਂਸ ਕਿੰਗ ਦੇ ਰੂਪ @ਚ ਜਾਣੇ ਜਾਣ ਵਾਲੇ, ਪ੍ਰਭ ਗਿੱਲ ਦਾ ਨਵਾਂ ਗੀਤ @ਜੋਗੀਆ@ ਦਰਸ਼ਕਾਂ ਨੂੰ ਆਤਮ-ਖੋਜ ਦੀ ਯਾਤਰਾ @ਤੇ ਲੈ ਜਾਂਦਾ ਹੈ । ਬਹੁਤ ਖੂਬਸੂਰਤ ਲੇਹ-ਲੱਦਾਖ @ਚ ਸ਼ੂਟ ਕੀਤਾ ਗਿਆ ਇਹ ਸੂਫੀ ਰੌਕ ਗੀਤ, ਉਸ ਯਾਤਰਾ ਨੂੰ ਸਮਾਹਿਤ ਕਰਦਾ ਹੈ ਜਿਹੜਾ ਪ੍ਰਭ ਆਪਣੀ ਅੰਦਰੂਨੀ ਸ਼ਾਂਤੀ ਦੀ ਤਲਾਸ਼ @ਚ ਕਰਦਾ ਹੈ । ਜੋਗੀਆ ਇੱਕ ਆਤਮ ਨਿਰੀਖਣ ਅਨੁਭਵ ਹੈ ਜਿਹੜਾ ਦਰਸ਼ਕਾਂ ਨੂੰ ਇਸ ਸ਼ਕਤੀਸ਼ਾਲੀ ਰਚਨਾ ਦਾ ਆਨੰਦ ਮਾਣਦੇ ਹੋਏ ਜੀਵਨ ਦੇ ਵਿਚਾਰਾਂ ਅਤੇ ਇਸਦੇ ਅਰਥਾਂ @ਚ ਗਹਿਰਾਈ @ਚ ਗੋਤਾ ਲਗਾਉਣ ਲਈ ਪ੍ਰੇਰਿਤ ਕਰੇਗਾ ।

ਵੀਡਿਓ ਦੀ ਸ਼ੁਰੂਆਤ ਪ੍ਰਭ ਦੇ ਇੱਕ ਅਵਾਰਡ ਸਮਾਗਮ ਤੋਂ ਦੂਰ ਜਾਣ ਨਾਲ ਹੁੰਦੀ ਹੈ । ਉਸਦੇ ਕੋਲ ਸਭ ਕੁਝ ਹੈ ਪਰ ਫਿਰ ਵੀ ਉਹ ਇੱਕ ਖਾਲੀਪਣ ਮਹਿਸੂਸ ਕਰਦਾ ਹੈ । ਪ੍ਰਭ ਨੇ ਆਪਣੇ ਬੈਂਡ ਦੇ ਨਾਲ ਬਿਤਾਏ ਸਰਲ, ਸੁਖਦ ਸਮੇਂ ਨੂੰ ਯਾਦ ਕੀਤਾ ਅਤੇ ਉਸ ਨਾਲੋਂ ਅੱਗੇ ਕੁਝ ਹੋਰ ਪਾਣ ਦੀ ਤਲਾਸ਼ @ਚ ਨਿਕਲ ਪਿਆ । ਇਹ ਗੀਤ ਬਿਲਕੁਲ ਸਹੀ ਸਵਾਲ ਚੁੱਕਦਾ ਹੈ । ਇਹ ਸਵਾਲ ਕਿ ਕੀ ਪ੍ਰਸਿੱਧੀ, ਸਫਲਤਾ ਅਤੇ ਪੈਸਾ ਖੁਸ਼ੀ, ਸ਼ਾਂਤੀ ਅਤੇ ਦੋਸਤੀ ਦੀ ਜਗ੍ਹਾ ਲੈ ਸਕਦਾ ਹੈ । ਕਿਉਂਕਿ ਉਹ ਆਤਮ-ਖੋਜ ਦੀ ਯਾਤਰਾ @ਤੇ ਨਿਕਲਦਾ ਹੈ ਜਿੱਥੇ ਉਹ ਛੋਟੀਆਂ ਛੋਟੀਆਂ ਚੀਜਾਂ @ਚ ਅੰਦਰੂਨੀ ਸ਼ਾਂਤੀ ਨੂੰ ਪ੍ਰਾਪਤ ਕਰਦਾ ਹੈ । @ਜੋਗੀਆ@ ਪਾਰੰਪਰਿਕ ਅਤੇ ਪੱਛਮੀ ਸ਼ੈਲੀ ਦਾ ਇੱਕ ਅਨੋਖਾ ਮਿਸ਼ਰਣ ਹੈ । ਤਬਲਾ, ਇਲੈਟਿ ?ਕ ਗਿਟਾਰ ਅਤੇ ਡਰੱਮ ਦਾ ਸਹੀ ਮਿਸ਼ਰਣ ਇੱਕ ਸ਼ਾਨਦਾਰ ਰਾਗ ਬਣਾਉਂਦਾ ਹੈ ਜਿਹੜਾ ਇਸ ਗੀਤ ਦੇ ਸਾਰੇ ਨੂੰ ਫੜ੍ਹਦੇ ਹੋਏ, ਇਸਨੂੰ ਹੋਰ ਗਹਿਰਾਈ ਪ੍ਰਦਾਨ ਕਰਦਾ ਹੈ । ਦੇਸੀ ਰੂਟਸ @ਜੋਗੀਆ@ ਦੇ ਸੰਗੀਤ ਨਿਰਦੇਸ਼ਕ ਹਨ, ਜਦੋਂ ਕਿ ਗੀਤ ਅਤੇ ਰਚਨਾ ਮਨਿੰਦਰ ਕੈਲੀ ਵੱਲੋਂ ਦਿੱਤੇ ਗਏ ਹਨ । ਗੀਤ ਦੇ ਬਾਰੇ @ਚ ਬੋਲਦੇ ਹੋਏ, ਪ੍ਰਭ ਗਿੱਲ ਨੇ ਕਿਹਾ, ਮੈਨੂੰ ਆਪਣੇ ਸਰੋਤਿਆਂ ਦੇ ਲਈ ਇਹ ਖਾਸ ਗੀਤ ਪ੍ਰਸਤੂਤ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ, ਇਸ @ਚ ਉਹ ਸਭ ਕੁਝ ਹੈ ਜਿਸ ਨਾਲ ਮੌਜੂਦਾ ਪੀੜ੍ਹੀ ਅਸਾਨੀ ਨਾਲ ਆਪਣੇ ਆਪ ਨਾਲ ਜੋੜ ਸਕਦੀ ਹੈ । ਅੱਜ ਦੀ ਭੌਤਿਕਵਾਦੀ ਦੁਨੀਆਂ @ਚ ਅਸੀਂ ਅਕਸਰ ਜੀਵਨ ਦੀਆਂ ਸਧਾਰਣ ਚੀਜਾਂ ਨੂੰ ਨਜਰ ਅੰਦਾਜਕਰ ਦਿੰਦ ਹਨ ਜਿਹੜੀਆਂ ਸਚਮੁਚ @ਚ ਆਨੰਦ ਦੀ ਭਾਵਨਾ ਲਿਆਉਂਦੀਆਂ ਹਨ ਅਤੇ @ਜੋਗੀਆ@ ਇਸਨੂੰ ਪੂਰੀ ਤਰ੍ਹਾਂ ਸਰੋਤਿਆਂ ਦੇ ਸਾਹਮਣੇ ਰੱਖਦਾ ਹੈ । ਗੀਤ ਦੀ ਥੀਮ ਦੀ ਤਰ੍ਹਾਂ, ਮੈਂ ਸੰਗੀਤ ਦੀ ਦੁਨੀਆਂ @ਚ ਸ਼ੈਲੀਆਂ ਦੇ ਨਲਾ ਪ੍ਰਯੋਗ ਕਰਕੇ ਆਪਣੇ ਕੈਰੀਅਰ @ਚ ਇੱਕ ਨਵੀਂ ਯਾਤਰਾ ਸ਼ੁਰੂ ਕੀਤੀ ਹੈ ।

# ਸੰਗਰੂਰ ਰੋਡ ਉਤੇ ਜਾਮ ਲਗਾ ਕੇ ਨਰਸਿੰਗ ਸਟਾਫ਼ ਆਊਟਸੋਰਸ ਦੇ ਵਿਧਾਇਕ ਨੇ ਕੀਤਾ ਰੋਸ ਪ੍ਰਦਰਸ਼ਨ

**ਪਟਿਆਲਾ/ਸੰਗਰੂਰ/ਇਕਬਾਲ ਸਿੰਘ**

ਪਟਿਆਲਾ ਅਤੇ ਸੰਗਰੂਰ ਰੋਡ ਦੇ ਉੱਤੇ ਜਾਮ ਲਗਾ ਕੇ ਨਰਸਿੰਗ ਸਟਾਫ਼ ਦੇ ਵੱਲੋਂ। ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ ਜਾਣਕਾਰੀ ਦਿੰਦਿਆਂ ਆਊਟਸੋਰਸ ਦੇ ਆਗੂਆਂ ਵੱਲੋਂ ਦੱਸਿਆ ਗਿਆ ਕਿ ਪਿਛਲੇ ਲੰਬੇ ਸਮੇਂ ਤੋਂ ਉਹੋ ਰਾਜਿੰਦਰਾ ਹਸਪਤਾਲ ਵਿਚ ਆਊਟਸੋਰਸ ਦੇ ਕੰਮ ਦੇ ਤੌਰ ਤੇ ਕੰਮ ਕਰ ਰਹੇ ਸਨ। ਪਰ ਸਰਕਾਰ ਦੇ ਵੱਲੋਂ ਉਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ। ਉਥੇ ਹੀ ਉਨ੍ਹਾਂ ਵੱਲੋਂ ਇਹ ਵੀ ਕਿਹਾ ਗਿਆ ਕੇ ਪਿਛਲੇ ਧਰਨੇ-ਪ੍ਰਦਰਸ਼ਨ ਦੌਰਾਨ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਵੱਲੋਂ ਉਹਨਾਂ ਨੂੰ ਵਿਸ਼ਵਾਸ਼ ਦਿਵਾਇਆ ਗਿਆ ਸੀ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਆਉਂਦੀ ਹੈ ਤਾਂ ਪਹਿਲ ਦੇ ਅਧਾਰ ਤੇ ਉਹਨਾਂ ਨੂੰ ਪੱਕਾ ਕਰ ਦਿੱਤਾ ਜਾਵੇਗਾ। ਪਰ ਇਸ ਤਰ੍ਹਾਂ ਨਹੀਂ ਹੋਇਆ ਜਿਸ ਤੋਂ ਬਾਅਦ ਇਹ ਰੋਸ ਪ੍ਰਦਰਸ਼ਨ ਕੀਤਾ ਗਿਆ। ਨਰਸਿੰਗ ਸਟਾਫ਼ ਵੱਲੋਂ ਜ਼ਿੰਦਾਬਾਦ ਅਤੇ ਮੁਰਦਾਬਾਦ ਦੇ ਨਾਅਰੇ ਵੀ ਲਗਾਏ ਗਏ। ਉਸ ਰੋਸ ਦੇ ਦੌਰਾਨ ਇਕ ਨਰਸਿੰਗ ਸਟਾਫ਼ ਜਸ਼ਨਪ੍ਰੀਤ ਕੌਰ ਵੱਲੋਂ ਕਿਹਾ ਗਿਆ ਕਿ ਅਸੀਂ ਰਜਿੰਦਰਾ ਹਸਪਤਾਲ ਵਿੱਚ ਆਊਟਸੋਰਸ ਦੇ ਦੌਰਾਨ ਨਰਸਿੰਗ ਸਟਾਫ਼ ਹਾਂ ਜਿਹੜੇ ਕੇ ਡਿਊਟੀਆਂ ਕਰ ਰਹੇ ਸੀ। ਪਿਛਲੇ ਦੋ ਸਾਲਾਂ ਤੋਂ ਅਸੀ ਡਿਊਟੀ ਕਰ ਰਹੇ ਸੀ। ਪਰ ਪਿੱਛੇ ਮਹੀਨਿਆਂ ਦੌਰਾਨ ਸਾਨੂੰ ਨੌਕਰੀ ਤੋਂ ਬਾਹਰ ਕੱਢ ਦਿੱਤਾ ਗਿਆ ਸੀ ਜਦ ਕਿ ਸਾਡੀ ਐਕਸਟੈਨਸ਼ਨ 31 ਮਾਰਚ ਤੱਕ ਆਈ ਹੋਈ ਸੀ। ਪਰ ਸਾਨੂੰ ਰਜਿੰਦਰਾ ਹਸਪਤਾਲ ਵਿਚ ਉਸ ਐਕਸਟੈਨਸ਼ਨ ਦੇ ਦੌਰਾਨ ਜਿਹੜਾ ਕਿ ਸਾਨੋਂ ਆਮਦਨ



ਪ੍ਰੋਸੈਸਿੰਗ ਤੇ ਨਹੀਂ ਲਿਆ ਗਿਆ। ਉਸ ਧਰਨੇ ਦੇ ਦੌਰਾਨ ਸਾਡੇ ਕੋਲ ਸੀ ਐੱਮ ਭਗਵੰਤ ਮਾਨ ਆਏ ਸੀ ਅਤੇ ਉਹਨਾਂ ਨੇ ਸਾਨੂੰ ਇਹ ਕਿਹਾ ਸੀ ਕਿ ਜਦੋਂ ਵੀ ਸਾਡੀ ਸਰਕਾਰ ਬਣੇਗੀ ਆਪ ਦੀ ਸਰਕਾਰ ਬਣੇਗੀ। ਫਿਰ ਅਸੀਂ ਥੋੜਾ ਪਹਿਲ ਦੇ ਅਧਾਰ ਤੇ ਕੰਮ ਕਰਾਨਗੇ। ਉਹਨਾਂ ਦੌਰਾਨ ਕਿਹਾ ਗਿਆ ਕਿ ਅਸੀਂ ਇਹ ਧਰਨਾ ਅੱਜ ਤਾਂ ਲਗਾਇਆ ਹੈ ਤਾਂ ਕਿ ਅਸੀਂ ਉਨ੍ਹਾਂ ਨੂੰ ਯਾਦ ਕਰਵਾ ਸਕੀਏ ਤਾਂ ਕੀ ਤੁਸੀਂ ਸਾਡੇ ਕੋਲ ਆਏ ਸੀ ਅਤੇ ਤੁਸੀਂ ਸਾਡਾ ਮਰਨ ਵਰਤ ਤੜਫਾਇਆ ਸੀ ਅਤੇ ਸਾਡਾ ਜੋ ਨਰਸਿੰਗ ਸਟਾਫ਼ ਬਿਮਾਰ ਹੋਇਆ ਸੀ ਤੁਸੀਂ ਉਹਨਾਂ ਕੋਲ ਆਏ ਸੀ ਤੁਹਾਡੇ ਦੁਆਰਾ ਉਸ ਸਟਾਫ ਦਾ ਪਤਾ ਲਿਆ ਗਿਆ ਸੀ ਅਤੇ ਉਸ ਸਮੇਂ ਉਨ੍ਹਾਂ ਨੇ ਇਹ ਚੀਜ਼ ਵੀ ਕਹੀ ਸੀ ਕਿ ਮੈਂ ਪਹਿਲ ਦੇ ਅਧਾਰ ਤੇ ਤੁਹਾਡਾ ਕੰਮ ਕਰਾਂਗਾ ਅਤੇ ਹੁਣ ਅਸੀਂ ਚਾਹੁੰਦੇ ਹਾਂ ਕਿ ਤੁਹਾਡੀ ਸਰਕਾਰ ਆ ਚੁੱਕੀ ਹੈ। ਹੁਣ ਤੁਸੀਂ ਇਹ ਵੀ ਐਲਾਨ ਕਰ ਰਿਹਾ ਹਾਂ ਕਿ ਆਊਟਸੋਰਸ ਦੇ ਅਧਾਰ ਤੇ ਸਾਨੂੰ ਇੱਕ ਸਾਲ ਦੀ ਐਕਸਟੈਂਸ਼ਨ ਵੀ ਦਿੱਤੀ ਜਾਵੇ। ਅਸੀਂ ਬਸ ਤੁਹਾਡੇ ਨਾਲ ਮੀਟਿੰਗ ਕਰਨਾ ਚਾਹੁੰਦੇ ਹਾਂ ਅਤੇ ਕਹਿਣਾ ਚਾਹੁੰਦੇ ਹਾਂ ਕਿ ਜੋ ਤੁਸੀਂ ਸਾਡੇ ਨਾਲ ਵਾਅਦੇ ਕੀਤੇ ਸਨ ਉਹ ਪੂਰੇ ਕੀਤੇ ਜਾਣ । ਜਿਸ ਸਮੇਂ ਮੁੱਖ ਮੰਤਰੀ ਅਤੇ ਮੰਤਰੀਆਂ ਦੇ ਬੱਚੇ ਆਲ ਵਲਡ ਦੇ ਵਿਚ ਸਾਰੇ ਲੋਕੀਂ ਆਪਣੇ ਘਰਾਂ ਵਿਚ ਬੈਠੇ ਸੀ ਅਸੀਂ ਉਸ ਸਮੇਂ ਅਸੀਂ ਕਿਟਾ ਪਾ-ਪਾ ਕੇ ਹਸਪਤਾਲਾਂ ਵਿੱਚ ਕੰਮ ਕੀਤਾ ਹੈ ਹੁਣ ਸਾਡੇ ਇਹੋ ਮੰਗ ਹੈ ਕਿ ਸਾਡੇ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣ।

## ਕੋਵਿਡ-19 ਟੀਕਾਕਰਨ 'ਚ ਵਾਧੂ ਫੀਸ ਵਸੂਲਣ ਦੀ ਸ਼ਿਕਾਇਤ 'ਤੇ ਨਿੱਜੀ ਹਸਪਤਾਲ ਨੂੰ ਕਾਰਨ ਦੱਸੋ ਨੋਟਿਸ ਜਾਰੀ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਕੋਵਿਡ-19 ਟੀਕਾਕਰਨ ਵਿੱਚ ਵਾਧੂ ਫੀਸ ਵਸੂਲਣ ਦੀ ਸ਼ਿਕਾਇਤ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਇੱਕ ਨਿੱਜੀ ਹਸਪਤਾਲ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਸ਼ਹਿਰ ਦੇ ਇੱਕ ਵਸਨੀਕ ਵੱਲੋਂ ਆਪਣੇ ਟਵੀਟ ਰਾਹੀਂ ਇਹ ਮਾਮਲਾ ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਦੇ ਧਿਆਨ ਵਿੱਚ ਲਿਆਂਦਾ ਗਿਆ, ਜਿਸ ਤੋਂ ਬਾਅਦ ਫੌਰੀ ਤੌਰ @ਤੇ ਕਾਰਵਾਈ ਕਰਦਿਆਂ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਸ੍ਰੀਮਤੀ ਸੁਰਭੀ ਮਲਿਕ ਨੇ ਦੱਸਿਆ ਕਿ ਇੱਕ ਲੁਧਿਆਣਾ ਨਿਵਾਸੀ ਨੇ ਟਵੀਟ ਕੀਤਾ ਸੀ ਕਿ ਇੱਕ ਪ੍ਰਾਈਵੇਟ ਹਸਪਤਾਲ ਕੋਵਿਸ਼ੀਲਡ ਦੀ ਡੋਜ਼ ਲਈ 780 ਰੁਪਏ ਅਤੇ ਕੋਵੈਕਸੀਨ ਲਈ 1200 ਰੁਪਏ ਵਸੂਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੋਵਿਸ਼ੀਲਡ ਅਤੇ ਕੋਵੈਕਸੀਨ ਦੋਵਾਂ ਦੀ ਦਰ ਪ੍ਰਾਈਵੇਟ ਹਸਪਤਾਲਾਂ ਲਈ ਸਰਕਾਰ ਦੁਆਰਾ ਨਿਰਧਾਰਤ ਕੀਤੀ ਗਈ 225 ਰੁਪਏ ਪ੍ਰਤੀ ਖੁਰਾਕ ਤੋਂ ਇਲਾਵਾ 150 ਰੁਪਏ ਸਰਵਿਸ ਚਾਰਜ ਵਜੋਂ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤ ਮਿਲਣ ਤੋਂ ਬਾਅਦ ਜ਼ਿਲ੍ਹਾ ਟੀਕਾਕਰਨ ਅਫ਼ਸਰ ਲੁਧਿਆਣਾ ਨੂੰ ਇਸ ਮਾਮਲੇ ਦੀ ਜਾਂਚ ਲਈ ਹਸਪਤਾਲ ਵਿੱਚ ਭੇਜਿਆ ਗਿਆ ਸੀ, ਜਿਨ੍ਹਾਂ ਹਸਪਤਾਲ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਉਨ੍ਹਾਂ ਨੂੰ ਇਹ ਦੱਸਣ ਲਈ ਕਿਹਾ ਹੈ ਕਿ ਉਨ੍ਹਾਂ ਦੇ ਟੀਕਾਕਰਨ ਕੇਂਦਰ ਨੂੰ ਕਿਉਂ ਨਾ ਬੰਦ ਕੀਤਾ ਜਾਵੇ। ਡਿਪਟੀ ਕਮਿਸ਼ਨਰ ਵੱਲੋਂ ਸਾਰੇ ਪ੍ਰਾਈਵੇਟ ਹਸਪਤਾਲਾਂ ਨੂੰ ਅਪੀਲ ਕਦਿਆਂ ਕਿਹਾ ਕਿ ਕੋਵਿਡ-19 ਟੀਕਾਕਰਣ ਲਈ ਸਰਕਾਰ ਵੱਲੋਂ ਤੈਅ ਫੀਸ ਹੀ ਲਈ ਜਾਵੇ, ਕੋਤਾਹੀ ਪਾਏ ਜਾਣ ਵਾਲੇ ਹਸਪਤਾਲ ਵਿਰੁੱਧ ਕਾਨੂੰਨ ਅਨੁਸਾਰ ਬਣਦੀ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਕੈਬਿਨੇਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਨਗਰ ਕੌਂਸਲ ਜੰਡਿਆਲਾ ਗੁਰੂ ਦਾ ਕੀਤਾ ਦੌਰਾ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਅੱਜ ਨਗਰ ਕੌਂਸਲ ਦਫ਼ਤਰ ਜੰਡਿਆਲਾ ਗੁਰੂ ਦਾ ਦੌਰਾ ਕੀਤਾ ਤੇ ਅਚਨਚੇਤ ਚੈਕਿੰਗ ਕੀਤੀ ।ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਜੰਡਿਆਲਾ ਗੁਰੂ ਸ਼ਹਿਰ ਦੇ ਲੋਕਾਂ ਦੀਆਂ ਕੁੱਝ ਮੁਸ਼ਕਿਲਾਂ ਨੂੰ ਸੁਲਝਾਉਣ ਲਈ ਅੱਜ ਨਗਰ ਕੌਂਸਲ ਦਫਤਰ ਜੰਡਿਆਲਾ ਗੁਰੂ ਵਿਖੇ ਆਏ।ਓਹਨਾ ਨੇ ਕਿਹਾ ਕਿ ਸਟਰੀਟ ਲਾਇਟ, ਬਿਜਲੀ,ਪੀਣ ਵਾਲੇ ਪਾਣੀ, ਟਰੈਫਿਕ,ਸੀਵਰੇਜ਼ ਦੀ ਨਿਕਾਸੀ ਸਫ਼ਾਈ ਦਾ ਪ੍ਰਬੰਧ ਆਦਿ ਤੋਂ ਇਲਾਵਾ ਲੋਕਾਂ ਦੀਆਂ ਹੋਰ ਸਮੱਸਿਆ ਸੁਣ ਰਹੇ ਕੇ ਓਹਨਾਂ ਨੂੰ ਹਲ ਵੀ ਕਰਵਾ ਰਹੇ ਹਾਂ।ਆਉਣ ਵਾਲੇ ਸਮੇਂ ਵਿੱਚ ਜੰਡਿਆਲਾ ਗੁਰੂ ਸ਼ਹਿਰ ਦਾ ਵਿਕਾਸ ਹੋਰ ਤੇਜੀ ਨਾਲ ਕਰਵਾਵਾਂਗੇ।ਨਸ਼ੇ ਬਾਰੇ ਵੀ ਊਨਾ ਕਿਹਾ ਕਿ ਸਮਾਂ ਲੱਗੇਗਾ ਸੱਭ ਕੁੱਝ ਠੀਕ ਹੋਵੇਗਾ। ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣਾ ਹੈ ਇਹ ਆਮ ਆਦਮੀ ਪਾਰਟੀ ਦਾ ਪੰਜਾਬੀਆਂ ਨਾਲ ਵਾਧਾ ਹੈ ਜਲਦੀ ਪੁਰਾ ਕਰਾਂਗੇ।ਇਸ ਮੌਕੇ ਓਹਨਾ ਨੇ ਸ਼ਹਿਰ ਵਾਸੀਆਂ ਦੀ ਸੁਰੱਖਿਆ ਲਈ ਲਗਾਏ ਜਾ ਰਹੇ ਸੀ ਸੀ ਟੀ ਵੀ ਕੈਮਰਿਆਂ ਨੂੰ , ਸੀਵਰੇਜ ਸਿਸਟਮ ਲੇਟ ਹੋਣ ਦੇ ਲਈ ਸੰਬੰਧਿਤ ਅਧਿਕਾਰੀ ਨੂੰ ਚਿਤਾਵਨੀ ਦਿੱਤੀ ਅਤੇ ਰਿਕਾਰਡ ਦੀ ਜਾਂਚ ਕਰਨ ਲਈ ਕਿਹਾ। ਇਕ ਸਫ਼ਾਈ ਸੇਵਕ ਨੂੰ ਤਰਸ ਦੇ ਅਧਾਰ ਤੇ ਨੌਕਰੀ ਦਾ ਨਿਯੁਕਤੀ ਪੱਤਰ ਵੀ ਦਿੱਤਾ।ਇਸ ਮੌਕੇ ਸੰਜੀਵ ਕੁਮਾਰ ਵਧੀਕ ਡਿਪਟੀ ਕਮਿਸ਼ਨਰ, ਈ ਓ ਜਗਤਾਰ ਸਿੰਘ, ਈ ਓ ਰਾਜੇਸ਼ ਕੁਮਾਰ ਖੋਖਰ ਨਗਰ ਕੌਂਸਲ ਦੇ ਪ੍ਰਧਾਨ ਸੰਜੀਵ ਕੁਮਾਰ ਲਵਲੀ, ਵਾਇਸ ਪ ?ਧਾਨ ਰਣਧੀਰ ਸਿੰਘ ਧੀਰਾ ,ਜਤਿੰਦਰ ਸਿੰਘ,ਆਸ਼ੂ ਵਿਨਾਇਕ,ਸਟੇਟ ਜੋਇੰਟ ਸਕੱਤਰ ਨਰੇਸ਼ ਪਾਠਕ , ਸ਼ਹਿਰੀ ਪ੍ਰਧਾਨ ਸਰਬਜੀਤ ਸਿੰਘ ਡਿੰਪੀ ,ਸੁਨੈਨਾ ਰੰਧਾਵਾ, ਆਦਿ ਹਾਜਰ ਸਨ।

# ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਵੱਲੋਂ ਫੋਟੋਗ੍ਰਾਫੀ ਮੁਕਾਬਲਾ ਕਰਵਾਇਆ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਦੀ ਯੋਗ ਅਗਵਾਈ ਹੇਠ ਵਿਭਾਗ ਵੱਲੋਂ ਕੈਂਪਸ ਦੇ ਅੰਦਰ ਫੋਟੋਗ੍ਰਾਫੀ ਮੁਕਾਬਲਾ ਕਰਵਾਇਆ ਗਿਆ।



ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਮੁਕਾਬਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਛੁਪੀ ਪ੍ਰਤਿਭਾ ਨੂੰ ਉਜਾਗਰ ਕਰਨਾ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਸੀ।

ਉਨ੍ਹਾਂ ਦੱਸਿਆ ਕਿ ਪ੍ਰਤੀਭਾਗੀਆਂ ਨੇ ਇਨਾਮ ਜਿੱਤਣ ਲਈ ਆਪਣੀ ਪ੍ਰਤਿਭਾ ਦਿਖਾਈ ਅਤੇ ਪ੍ਰਤੀਭਾਗੀਆਂ ਵਿੱਚੋਂ ਕਾਬਿਲ ਫੋਟੋਗ੍ਰਾਫ਼ਰਾਂ ਦੇ ਇੱਕ ਪੈਨਲ ਨੇ ਭਾਗੀਦਾਰਾਂ ਦੁਆਰਾ ਪੇਸ਼ ਕੀਤੇ ਗਏ ਸਭ ਤੋਂ ਵਧੀਆ ਕੰਮ ਦਾ ਨਿਰਣਾ ਕੀਤਾ ਅਤੇ ਇਸਨੂੰ ਸਾਡੇ ਅਧਿਕਾਰਤ ਫੇਸਬੁੱਕ ਪੇਜ [ਪੱਤਰਕਾਰਤਾ ਅਤੇ ਜਨ ਸੰਚਾਰ ਵਿਭਾਗ] @ਤੇ ਅਪਲੋਡ ਕੀਤਾ ਅਤੇ ਉਨ੍ਹਾਂ ਦੀ ਫੋਟੋ @ਤੇ ਲਾਈਕਸ ਅਤੇ ਟਿੱਪਣੀ ਦੁਆਰਾ ਜੇਤੂ ਦੀ ਚੋਣ ਕੀਤੀ ਗਈ।

ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਜਿਹੜੀ ਟੀਮ ਨੂੰ ਪਹਿਲਾ ਇਨਾਮ ਦਿੱਤਾ ਗਿਆ ਉਸ ਵਿਚ ਦੋ ਵਿਦਿਆਰਥੀ ਮਨਜਿੰਦਰ ਅਤੇ ਸੰਦੀਪ ਹਨ, ਉਨ੍ਹਾਂ ਨੇ ਦਰੱਖਤ @ਤੇ ਇੱਕ ਜੀਵ ਦੀ ਤਸਵੀਰ ਲਈ ਹੈ, ਇਹ ਤਸਵੀਰ ਸਪੱਸ਼ਟ ਤੌਰ @ਤੇ ਬੇਮਿਸਾਲ ਹੁਨਰ ਅਤੇ ਗੁਣਵੱਤਾ ਨੂੰ ਦਰਸਾਉਂਦੀ ਹੈ ਜੋ ਪੇਸ਼ੇਵਰ ਫੋਟੋਗ੍ਰਾਫੀ ਦੇ ਮਾਧਿਅਮ ਰਾਹੀਂ ਲਿਆਉਂਦੇ ਹਨ ਅਤੇ ਦੂਸਰਾ ਇਨਾਮ ਨੰਦਨ ਅਤੇ ਆਯੂਸ਼ ਨੂੰ ਦਿੱਤਾ ਗਿਆ ਸੀ ਅਤੇ ਤੀਜਾ ਇਨਾਮ ਪਰਮਦੀਪ ਅਤੇ ਗੁਰਮੀਤ ਨੂੰ ਗਿਆ। ਉਨ੍ਹਾਂ ਦੱਸਿਆ ਕਿ ਹੋਰ ਵੱਖ-ਵੱਖ ਕੋਰਸਾਂ ਦੇ ਦੂਜੇ ਭਾਗੀਦਾਰਾਂ ਨੇ ਵੀ ਵਧੀਆ ਪ੍ਰਦਰਸ਼ਨ ਕੀਤਾ ਅਤੇ ਸਾਨੂੰ ਦਿਲ ਨੂੰ ਛੂਹਣ ਵਾਲੀਆਂ ਤਸਵੀਰਾਂ ਦਿੰਦੇ ਰਹੇ।

# ਡੀਜੋ ਨੇ ਅੱਜ ਦੇ ਫੈਸ਼ਨ ਪ੍ਰੇਮੀਆਂ ਲਈ ਸਲਿੱਮ ਅਤੇ ਖੂਬਸੂਰਤ ਕਵਰਡ ਬਾਡੀ ਦੇ ਨਾਲ ਰੈਕਟੈਂਗੁਲਰ ਸਮਾਰਟਵਾਚ - ਡੀਜੋ ਵਾਚ ਐਸ ਲਾਂਚ ਕੀਤੀ

**ਚੰਡੀਗੜ੍ਹ/ਲੋਕ ਬਾਣੀ**

ਰੀਅਲਮੀ ਟੇਕਲਾਈਫ ਈਕੋਸਿਸਟਮ ਦੇ ਤਹਿਤ ਪਹਿਲੇ ਬ੍ਰਾਂਡ, ਡੀਜੋ ਨੇ ਅੱਜ ਬ੍ਰਾਂਡ ਵੱਲੋਂ ਪਹਿਲੀ ਰੈਕਟੈਂਗੁਲਰ ਸਮਾਰਟਵਾਚ ਡੀਜੋ ਵਾਚ ਐਸ ਦਾ ਲਾਂਚ ਕੀਤਾ । ਗ੍ਰਾਹਕ ਦੀਆਂ ਭਿੰਨ ਅਤੇ ਅਦਭੁਤ ਫੈਸ਼ਨ ਅਭਿਰੂਚੀ ਦੇ ਅਨੁਸਾਰ ਡਿਜਾਇਨ ਕੀਤੀ ਗਈ, ਲੇਟੇਸਟ ਡੀਜੋ ਵਾਚ ਐਚ @ਚ ਰੈਕਟੈਂਗੁਲਰ ਅਤੇ ਸਲਿੱਮ ਬਾਡੀ, ਖੂਬਸੂਰਤ, ਕਵਰਡ ਗਲਾਸ, ਕਵਰਡ ਬਾਡੀ, ਮੈਟਲ ਫ੍ਰੇਮ, 1.57@@ (4 ਸੈਮੀ.) ਦੀ ਸਕ੍ਰੀਨ, ਸਭ ਤੋਂ ਵੱਡਾ ਰੈਕਟੈਂਗੁਲਰ ਡਿਸਪਲੇ, 550 ਨਿਟਸ ਦੀ ਹਾਈ ਬ੍ਰਾਈਟਨੈਸ, ਪਰਸਨਲਾਈਜੇਸ਼ਨ ਦੇ ਵਿਕਲਪ ਦੇ ਨਾਲ 150 ਨਾਲੋਂ ਜਿਆਦਾ ਵਾਚ ਫੇਸ ਅਤੇ ਤਿੰਨ ਵਿਚਿੱਤਰ ਅਤੇ ਟਰੈਂਡੀ ਕਲਰ ਵਿਕਲਪ ਹਨ । ਰੈਕਟੈਂਗੁਲਰ ਡਾਯਲ ਪ੍ਰੇਮੀਆਂ ਨੂੰ ਹੁਣ ਅਤਿਅਧੁਨਿਕ ਹੈਲਥ ਅਤੇ ਮਲਟੀ-ਸਪੋਰਟ ਟਰੈਕਿੰਗ ਦੀ



ਸੁਵਿਧਾ ਅਤੇ ਹੋਰ ਉੱਤਮ ਖਾਸੀਅਤਾਂ ਬਹੁਤ ਹੀ ਆਕਰਸ਼ਕ ਕੀਮਤ @ਚ ਮਿਲਣਗੀਆਂ।

ਡੀਜੋ ਭਾਰਤ ਦੇ ਸਮਾਰਟਵਾਚ ਦੇ ਬਜਾਰ ਅਤੇ ਹੋਰ ਸੰਸਾਰ ਪੱਧਰੀ ਬਜਾਰਾਂ @ਚ ਸ਼ਾਨਦਾਰ ਕੀਮਤਾਂ ਦੇ ਨਾਲ ਅਤਿਅਧੁਨਿਕ ਟੈਕਨੋਲਾਜੀ ਵਾਲੇ ਉਤਪਾਦ ਪ੍ਰਦਾਨ ਕਰਕੇ ਆਪਣੀ ਸਮਰੱਥਾ ਨੂੰ ਪ੍ਰਮਾਣਿਤ ਕਰ ਰਿਹਾ ਹੈ, ਜਿਸਦਾ ਮਕਸਦ ਟੈਕਨੋਲਜੀ ਨੂੰ ਆਮ ਜਨਸਮੂਹ ਤੱਕ ਪਹੁੰਚਾਉਣਾ ਹੈ । ਇਹ ਬ੍ਰਾਂਡ ਭਾਰਤ @ਚ ਕਾਊਂਟਰ ਪੁਆਇੰਟ ਦੀ ਲੇਟੇਸਟ ਸਮਾਰਟਵਾਚ ਸ਼ਿਪਮੈਂਟ ਰਿਪੋਰਟ ਦੇ ਅਨੁਸਾਰ ਟਾਪ 10 ਸਮਾਰਟਵਾਚ ਬ੍ਰਾਂਡਾਂ ਦੀ ਸੂਚੀ @ਚ ਆਈ ਹੈ । ਇਸਦੀ ਸਭ ਤੋਂ ਨਵੀਂ ਵਾਚ - ਡੀਜੋ ਐਸ ਫੈਸ਼ਨ ਦੇ ਕਵੋਸ਼ੈਂਟ ਨੂੰ ਵਧਾ ਕੇ 110 ਨਾਲੋਂ ਜਿਆਦਾ ਸਪੋਰਟਸ ਮੋਡਸ, 1.5 ਮੀਟਰ ਵਾਟਰ ਰਜਿਸਟੈਂਸ, 10 ਦਿਨ ਦੀ ਬੈਟਰੀ ਲਾਈਫ ਅਤੇ ਹੋਰ ਸਮਾਰਟ ਫੀਚਰਸ ਪ੍ਰਦਾਨ ਕਰਦੀ ਹੈ, ਜਿਸਦੇ ਕਾਰਨ ਇਹ ਜਨਰੇਸ਼ਨ ਜੈਡ ਦੇ ਯੂਜਰਸ - ਫੈਸ਼ਨ ਪ੍ਰੇਮੀਆਂ, ਫਿਟਨੈਸ ਪ੍ਰੇਮੀਆਂ ਅਤੇ ਟੇਕਪ੍ਰੇਮੀਆਂ ਦੇ ਲਈ ਬਹੁਤ ਆਕਰਸ਼ਕ ਉਤਪਾਦ ਹੈ । ਇਸ ਐਲਾਨ ਦੇ ਬਾਰੇ @ਚ ਡੀਜੋ ਇੰਡੀਆ ਦੇ ਸੀਈਓ, ਅਭਿਲਾਸ਼ ਪਾਂਡਾ ਨੇ ਕਿਹਾ, @ਡੀਜੋ ਵਾਚ ਐਸ ਦੇ ਲਾਂਚ ਦੇ ਨਾਲ ਮੈਂ ਇਹ ਦੱਸਦੇ ਹੋਏ ਬਹੁਤ ਉਤਸਾਹਿਤ ਹਾਂ ਕਿ ਅਸੀਂ ਆਪਣੇ ਗ੍ਰਾਹਕਾਂ ਦੀਆਂ ਖਾਸ ਜਰੂਰਤਾਂ, ਖਾਸ ਕਰਕੇ ਰੈਕਟੈਂਗੁਲਰ ਡਾਯਲ ਪਸੰਦ ਕਰਨ ਵਾਲਿਆਂ ਦੇ ਲਈ ਇੱਕ ਉੱਤਮ ਸਮਾਧਾਨ ਲੈ ਕੇ ਆਏ ਹਾਂ । ਸਾਡੀ ਲੇਟੇਸਟ ਸਮਾਰਟਵਾਚ ਬਾਂਹ ਦੇ ਲਈ ਇੱਕ ਪਰਫੈਕਟ ਅਸੈਸਰੀ ਹੈ ਅਤੇ ਇਹ ਯੂਜਰਸ ਨੂੰ ਉਬਰ ਕੂਲ ਲੁੱਕ ਪ੍ਰਦਾਨ ਕਰਦੀ ਹੈ, ਨਾਲ ਹੀ ਹੈਲਥ ਅਤੇ ਫਿਟਨੈਸ ਮਾਨਿਟਰਿੰਗ ਅਤੇ ਹੋਰ ਸਮਾਰਟ ਫੀਚਰਾਂ ਦੇ ਕਾਰਨ ਇਹ ਬਹੁਤ ਆਕਰਸ਼ਕ ਪ੍ਰਸਤਾਵ ਹੈ । ਅਸੀਂ ਆਪਣੇ ਗ੍ਰਾਹਕਾਂ ਨੂੰ ਸਟਾਈਲ @ਚ #BeDifferent ਬਣਾਉਣ ਦੇ ਲਈ ਦਿ ?ੜ ਨਿਸ਼ਚਿਤ ਹਾਂ ਅਤੇ ਸਮਾਰਟਵਾਚ ਦੇ ਅਜਿਹੇ ਬੋਲਡ ਫੀਚਰ ਪ੍ਰਦਨ ਕਰ ਰਹੇ ਹਾਂ, ਜਿਹੜੇ ਵਿਅਕਤੀ ਦੇ ਕਲੈਕਸ਼ਨ ਅਤੇ ਯੂਜਰ ਅਨੁਭਵ ਨੂੰ ਵਧਾ ਦੇਣਗੇ ।

## ਵਿਧਾਇਕ ਸ਼੍ਰੀ ਮਦਨ ਲਾਲ ਬੱਗਾ ਨੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਵੱਖ-ਵੱਖ ਪ੍ਰੋਜੈਕਟਾਂ ਦੀ ਕੀਤੀ ਸਮੀਖਿਆ ਮੀਟਿੰਗ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਆਮ ਆਦਮੀ ਪਾਰਟੀ ਦੇ ਹਲਕਾ ਉੱਤਰੀ ਦੇ ਵਿਧਾਇਕ ਸ਼੍ਰੀ ਮਦਨ ਲਾਲ ਬੱਗਾ ਨੇ ਲੁਧਿਆਣਾ ਦੇ ਮਾਤਾ ਰਾਣੀ ਚੌਕ ਸਥਿਤ ਨਗਰ ਨਿਗਮ ਜੋਨ-ਏ ਦੇ ਦਫ਼ਤਰ ਵਿਖੇ ਅਧਿਕਾਰੀਆਂ/ਕਰਮਚਾਰੀਆਂ ਨਾਲ ਹਲਕਾ ਉੱਤਰੀ ਦੇ ਵੱਖ-ਵੱਖ ਪ੍ਰੋਜੈਕਟਾਂ ਦੀ ਸਮੀਖਿਆ ਮੀਟਿੰਗ ਕੀਤੀ। ਇਸ ਮੌਕੇ ਨਗਰ ਨਿਗਮ ਕਮਿਸ਼ਨਰ ਸ੍ਰੀ ਪ੍ਰਦੀਪ ਕੁਮਾਰ ਸੱਭਰਵਾਲ ਵਿਸ਼ੇਸ਼ ਤੌਰ @ਤੇ ਮੌਜੂਦ ਸਨ।

ਇਸ ਮੌਕੇ ਵਿਧਾਇਕ ਸ੍ਰੀ ਮਦਨ ਲਾਲ ਬੱਗਾ ਨੇ ਮੀਟਿੰਗ ਦੌਰਾਨ ਕਿਹਾ ਜਿਹੜੇ ਸ਼ਹਿਰ ਦੇ ਡਿਵੈਲਪਮੈਂਟ ਦੇ ਕੰਮ ਰੁਕੇ ਹੋਏ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਵੇ ਉਨ੍ਹਾਂ ਕਿਹਾ ਕਿ ਲੋਕਾਂ ਨੇ ਬਹੁਤ ਵੱਡੀ ਪੱਧਰ @ਤੇ ਉਨ੍ਹਾਂ ਨੂੰ ਜਿੱਤਾ ਕੇ ਅੱਗੇ ਲਿਆਂਦਾ ਹੈ ਅਤੇ ਲੋਕਾਂ ਨੂੰ ਸ਼ਹਿਰ ਦੇ ਕੰਮਾਂ ਲਈ ਆਸ ਹੈ ਕਿ ਉਨ੍ਹਾਂ ਦੀ ਸਰਕਾਰ ਸਾਰੇ ਕੰਮ ਜੰਗੀ ਪੱਧਰ @ਤੇ ਚਲਾਉਣਗੇ। ਉਨ੍ਹਾਂ ਕਿਹਾ ਕਿ ਜਿਹੜੇ ਐਸਟੀਮੈਟ ਪਾਸ ਹੋ ਚੁੱਕੇ ਹਨ ਉਨ੍ਹਾਂ ਨੂੰ ਚਾਲੂ ਕਰਵਾਇਆ ਜਾਵੇ ਅਤੇ ਜਿਹੜੇ ਕੰਮ ਰਹਿੰਦੇ ਹਨ ਉਨ੍ਹਾਂ ਦੇ ਅਸਿਟੀਮੇਟ ਤਿਆਰ ਕੀਤੇ ਜਾਣ ਅਤੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਦੀਆਂ ਮੁੱਖ ਪਾਰਕਾਂ ਦੇ ਸੁੰਦਰੀਕਰਨ ਲਈ ਅਤੇ ਸ਼ਹਿਰ ਦੀ ਸਾਫ਼-ਸਫਾਈ ਲਈ ਐਸਟੀਮੇਟ ਬਣਾ ਕੇ ਦਿੱਤਾ ਜਾਵੇ ਅਤੇ ਹੋਰ ਰਹਿੰਦੀਆਂ ਪਾਰਕਾਂ ਨੂੰ ਪ੍ਰਫੁੱਲਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਲੁਧਿਆਣਾ ਸ਼ਹਿਰ ਦੀਆਂ ਸੜਕਾਂ ਅਤੇ ਪਾਰਕਾਂ ਨੂੰ ਨਵੀਂ ਦਿੱਖ ਦਿੱਤੀ ਜਾਵੇਗੀ ਅਤੇ ਡਿਵੈਲਪਮੈਂਟ ਦੇ ਕੰਮਾਂ ਨੂੰ ਜੰਗੀ ਪੱਧਰ @ਤੇ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਬੁੱਢੇ ਨਾਲ਼ੇ ਦੇ ਨਾਲ ਨਾਲ ਸਾਫ਼ ਸਫਾਈ ਅਤੇ ਬੁੱਢੇ ਨਾਲ਼ੇ ਦੀ ਹਫਤੇ ਵਿੱਚ ਇੱਕ ਵਾਰ ਸਫ਼ਾਈ ਜ਼ੂਰਰ ਕਾਰਵਾਈ ਜਾਵੇ। ਉਹਨਾਂ ਕਿਹਾ ਕਿ ਬੁੱਢੇ ਨਾਲ਼ੇ ਦੇ ਨਾਲ ਲੱਗੇ ਬੂਟਿਆਂ ਦੇ ਨਾਲ ਜਾਲੀ ਵੀ ਲਗਾਈ ਜਾਵੇ।

ਉਨ੍ਹਾਂ ਕਿਹਾ ਕਿ ਨਗਰ ਨਿਗਮ ਦਾ ਕੋਈ ਵੀ ਕਰਮਚਾਰੀ ਪਰਦੇ ਦੇ ਪਿਛੇ ਰਹਿ ਕੇ ਕੰਮ ਨਾ ਕਰੇ ਸਗੋਂ ਅੱਗੇ ਹੋ ਕੇ ਕੰਮ ਕਰੇ ਅਤੇ ਜਿਹੜਾ ਵੀ ਕਰਮਚਾਰੀ ਕੰਮ ਕਰ ਰਿਹਾ ਹੈ ਉਸ ਦਾ ਸਭ ਨੂੰ ਪਤਾ ਹੋਵੇ।

ਉਨ੍ਹਾਂ ਕਿਹਾ ਕਿ ਜੋ ਵੀ ਨਗਰ ਨਿਗਮ ਕੋਲ ਬਹੁਤ ਮਸ਼ੀਨਰੀ ਹੈ ਉਨ੍ਹਾਂ ਕਿਹਾ ਕਿ ਜਿਹੜੀ ਮਸ਼ੀਨਰੀ ਖਰਾਬ ਜਾਂ ਮੁਰੰਮਤ ਹੋਣ ਵਾਲੀ ਹੈ ਉਸ ਨੂੰ ਠੀਕ ਕਰਵਾਇਆ ਜਾਵੇ ਅਤੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ।


ਉਹਨਾਂ ਕਿਹਾ ਕਿ ਨਗਰ ਨਿਗਮ ਦਾ ਉਨ੍ਹਾਂ ਦੇ ਹਲਕੇ ਵਿੱਚ ਕੋਈ ਵੀ ਕੰਮ ਹੋਵੇ ਉਸ ਨੂੰ ਪਹਿਲ ਦੇ ਆਧਾਰ @ਤੇ ਮੁਕੰਮਲ ਕੀਤਾ ਜਾਵੇ।

ਉਹਨਾ ਕਿਹਾ ਕਿ ਸਾਰੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹਰ ਛੋਟੇ ਮੋਟੇ ਕੰਮ ਲਈ ਨਗਰ ਨਿਗਮ ਦੇ ਕਰਮਚਾਰੀ ਆਪ ਕੰਮ ਲਈ ਤਤਪਰ ਹੋਣ ਜਿਸ ਲਈ ਓਹਨਾ ਨੂੰ ਵਾਰ-ਵਾਰ ਨਾ ਕਹਿਣਾ ਪਵੇ।

ਉਨ੍ਹਾਂ ਕਿਹਾ ਕਿ ਅੱਗੇ ਬਰਸਾਤੀ ਮੌਸਮ ਨੂੰ ਦੇਖਦੇ ਹੋਏ ਜਿੱਥੇ ਕਿਤੇ ਵੀ ਸੜਕਾਂ ਦਾ ਕੰਮ ਕਰਨ ਵਾਲਾ ਹੈ ਜਾਂ ਹੋਰ ਕੰਮ ਹੈ ਉਸ ਨੂੰ ਬਾਰਿਸ਼ ਤੋਂ ਪਹਿਲਾਂ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

## ਕਣਕ ਦਾ ਝਾੜ ਚਾਲੀ ਪ੍ਰਤੀਸ਼ਤ ਘਟਿਆ, ਸਰਕਾਰ ਬੋਨਸ ਦੇਵੇ ਤੇ ਸਹਿਕਾਰੀ ਕਰਜ਼ੇ ਮੁਆਫ਼ ਕਰੇ : ਸ਼ਕਤੀ ਆਨੰਦ

**ਸ੍ਰੀ ਮਾਛੀਵਾੜਾ ਸਾਹਿਬ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**



ਕਣਕ ਦਾ ਝਾੜ ਇਸ ਵਾਰ ਚਾਲੀ ਪ੍ਰਤੀਸ਼ਤ ਤੋਂ ਵੱਧ ਘੱਟ ਗਿਆ ਹੈ ਜਿਹੜੇ ਇੱਕ ਏਕੜ ਵਿੱਚੋਂ ਪਹਿਲਾਂ ਵੀਹ ਤੋਂ ਬਾਈ ਕੁਇੰਟਲ ਪ੍ਰਤੀ ਏਕੜ ਝਾੜ ਨਿਕਲਦਾ ਸੀ ਉਹ ਇਸ ਵਾਰ ਬਾਰਾਂ ਤੋਂ ਤੇਰਾਂ ਕੁਇੰਟਲ ਪ੍ਰਤੀ ਏਕੜ ਤੱਕ ਨਿਕਲਿਆ ਹੈ ਜਿਸ ਨਾਲ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ ਹੋਇਆ ਹੈ ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਸਥਾਨਕ ਮਾਰਕੀਟ ਕਮੇਟੀ ਦੇ ਉੱਪ ਚੇਅਰਮੈਨ ਕਾਂਗਰਸੀ ਆਗੂ ਸ਼ਕਤੀ ਅਨੰਦ ਹੋਰਾਂ ਕਿਹਾ ਕਿ ਕਿਸਾਨ ਇਸ ਵਾਰ ਬੁਰੀ ਤਰ੍ਹਾਂ ਟੁੱਟ ਚੁੱਕਾ ਹੈ ਤੇ ਉਹਨਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕਿਸਾਨਾਂ ਦੀ ਬਾਂਹ ਫੜਨ ਤੇ ਪ੍ਰਤੀ ਕੁਇੰਟਲ ਪੰਜ ਸੌ ਰੁਪਏ ਬੋਨਸ ਦੇਵੇ ਤੇ ਨਾਲ ਹੀ ਸਹਿਕਾਰੀ ਸਭਾਵਾਂ ਵੱਲੋਂ ਦਿੱਤੇ ਹੱਦ ਕਰਜ਼ੇ ਤੁਰੰਤ ਮੁਆਫ ਕਰਕੇ ਜਾਂ ਫਿਰ ਉਹ ਕਰਜ਼ੇ ਦੀਆਂ ਬਿਨਾਂ ਵਿਆਜ ਪੰਜ ਸਾਲਾ ਕਿਸ਼ਤਾਂ ਕਰਕੇ ਕਿਸਾਨਾਂ ਨੂੰ ਨਵੇਂ ਹੱਦ ਕਰਜੇ ਤੁਰੰਤ ਜਾਰੀ ਕਰਨ ਤਾਂ ਜੋ ਉਹ ਆਪਣੀ ਆਉਣ ਵਾਲੀ ਝੋਨੇ ਦੀ ਫ਼ਸਲ ਬੀਜ ਸਕਣ ਤੇ ਆਪਣੀ ਆਉਣ ਵਾਲੀ ਜ਼ਿੰਦਗੀ ਨੂੰ ਲੀਹ ਤੇ ਚੜਾ ਸਕਣ,ਸ਼ਕਤੀ ਆਨੰਦ ਹੋਰਾਂ ਕਿਹਾ ਕਿ ਵੈਸੇ ਤਾਂ ਪੰਜਾਬ ਸਰਕਾਰ ਲਈ ਸਹਿਕਾਰੀ ਸਭਾਵਾਂ ਦੇ ਹੱਦ ਕਰਜ਼ੇ ਮੁਆਫ਼ ਕਰਨਾ ਕੋਈ ਵੱਡਾ ਮਸਲਾ ਨਹੀਂ ਕਿਉਂਕਿ ਲਗਭਗ ਬਾਰਾਂ ਕੁ ਹਜ਼ਾਰ ਕਰੋੜ ਰੁਪਏ ਪੂਰੇ ਪੰਜਾਬ ਦੀਆਂ ਸਹਿਕਾਰੀ ਸਭਾਵਾਂ ਦੇ ਹੱਦ ਕਰਜ਼ੇ ਹਨ ਜਿਨ੍ਹਾਂ ਨੂੰ ਪੰਜਾਬ ਦੀ ਸਰਕਾਰ ਅਸਾਨੀ ਨਾਲ ਮੁਆਫ਼ ਕਰ ਸਕਦੀ ਹੈ ਫਿਰ ਵੀ ਜੇ ਮੁਆਫੀ ਨਹੀਂ ਦੇਣੀ ਤਾਂ ਇਹਨਾਂ ਦੀਆਂ ਪੰਜ ਸਾਲਾ ਬਿਨਾਂ ਵਿਆਜ ਕਿਸ਼ਤਾਂ ਕਰ ਦੇਵੇ ਇਸ ਨਾਲ ਪੰਜਾਬ ਦਾ ਕਿਸਾਨ ਆਪਣੀ ਗੱਡੀ ਰੋੜ ਸਕਦਾ ਹੈ। ਉਹਨਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਤੁਰੰਤ ਇਸ ਮਾਮਲੇ ਵਿੱਚ ਦਖਲ ਦੇ ਕੇ ਕਿਸਾਨਾਂ ਦੀ ਬਾਂਹ ਫੜਨ।

## ਬੀਤੇ ਸਮੇਂ ਜ਼ਿਲ੍ਹਾ ਪਟਿਆਲਾ ਵਿੱਚ ਲੱਗਣ ਵਾਲੇ ਕੋਵਿਡ ਟੀਕਾਕਰਨ ਕੈਂਪ ਸਬੰਧੀ ਜ਼ਿਲਾ ਟੀਕਾਕਰਨ ਅਧਿਕਾਰੀ ਨੇ ਦਿੱਤੀ ਜਾਣਕਾਰੀ

**ਪਟਿਆਲਾ/ਇਕਬਾਲ ਸਿੰਘ:** ਬੀਤੇ ਦਿਨ ਪਟਿਆਲਾ ਜਿਲ੍ਹਾ ਵਿੱਚ ਲੱਗਣ ਵਾਲੇ ਕੋਵਿਡ ਟੀਕਾਕਰਨ ਜ਼ਿਲ੍ਹਾ ਟੀਕਾਕਰਨ ਡਾਕਟਰ ਵਿਨੇ ਗੋਇਲ ਨੇ ਨੇ ਦਿੱਤੀ ਜਾਣਕਾਰੀ। ਜ਼ਿਲ੍ਹਾ ਟੀਕਾਕਰਨ ਅਧਿਕਾਰੀ ਨੇ ਦੱਸਿਆ ਪਟਿਆਲਾ ਸ਼ਹਿਰ ਦੇ ਸਿਹਤ ਕੇਂਦਰ ਮੋਡਲ ਟਾਊਨ , ਤ੍ਰਿਪਟੀ, ਸਰਕਾਰੀ ਰਜਿੰਦਰਾ ਹਸਪਤਾਲ ,ਸੈਨਿਕ ਹਸਪਤਾਲ, ਪੁਲਿਸ ਹਸਪਤਾਲ ,ਬੀ ਐੱਮ ਡਬਲਿਊ ਸਿਵਲ ਹਸਪਤਾਲ, ਬਿਸ਼ਨ ਨਗਰ ਆਰਿਅਨ ਸਮਾਜ, ਕਾਂਇਆ ਨਗਰ ਡਿਸਪੈਂਸਰੀ ਰਾਜਪੁਰਾ, ਕਲੋਨੀ ਮਥੁਰਾ ਕਲੌਨੀ, ਮਾਤਾ ਕੌਸ਼ਲਿਆ ਹਸਪਤਾਲ, ਥਾਪਰ ਯੂਨੀਵਰਸਿਟੀ, ਪੰਜਾਬ ਪ੍ਰਦੂਸ਼ਣ ਬੋਰਡ ਨਿਊ ਹਾਊਸ, ਸੀਵਰੇਜ ਬੋਰਡ ਕੌਂਸਲ, ਨਾਭਾ ਸਮਾਣਾ ਦੇ ਸਿਵਲ ਹਸਪਤਾਲ, ਅਰਬਨ ਪੁਰਾਤਨ ਸਿਹਤ ਕੇਂਦਰ ਅਤੇ ਇਸ ਦੇ ਨਾਲ ਵਾਲੇ ਪਿੰਡਾਂ ਵਿੱਚ ਟੀਕਾਕਰਣ ਕੀਤਾ ਜਾਵੇਗਾ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਗੁਰਪੁਰਬ



ਦ ਪਿੰਡਾਂ ਤ ਇਲਾਵਾ

ਬਚਪਨ ਤੋਂ ਹੀ ਆਪ ਜੀ ਦਲੇਰ, ਤਿਆਗੀ, ਪਰਉਪਕਾਰੀ ਅਤੇ ਸਾਬੂ ਸੁਭਾਅ ਦੇ ਮਾਲਕ ਸਨ. ਗੁਰਮਤਿ ਦੀ ਸਿੱਖਿਆ ਹਾਸਲ ਕਰਨ ਦੇ ਨਾਲ:-ਨਾਲ ਆਪ ਜੀ ਨੇ ਯੁੱਧ ਕਲਾ ਵੀ ਸਿੱਖੀ ਆਪ ਜੀ ਨੇ ਕਰਤਾਰਪੁਰ ਦੀ ਜੰਗ ਵਿੱਚ ਤੇਗ ਦੇ ਉਹ ਜੌਹਰ ਦਿਖਾਏ ਕਿਅ ਾਪ ਜੀ ਦੇ ਪਿਤਾ ਜੀ , ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਘ ਸਾਹਿਬ ਜੀ ਨੇ ਆਪ ਜੀ ਤੇ ਪ੍ਰਸੰਨ ਹੋ ਕੇ ਆਪ ਦਾ ਨਾਮ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ.

ਗੁਰੂ ਜੀ ਨੇ ਕਹਿਲੂਰ ਦੇ ਰਾਜੇ ਦੀਪ ਚੰਦ ਪਾਸੋਂ ਮਾਖੋਵਾਲ ਪਿੰਡ ਦੀ ਜ਼ਮੀਨ ਮੁੱਲ ਲੈ ਕੇ ਅਕਤੂਬਰ 1665 ਈ. ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਨੀਂਹ ਰੱਖ. ਇਸ ਨਗਰ ਦਾ ਪਹਿਲਾ ਨਾਮ ਚੱਕ ਨਾਨਕੀ ਸਤਿਗੁਰਾਂ ਨੇ ਆਪਣੀ ਮਾਤਾ ਜੀ ਦੇ ਨਾਮ ਤੇ ਰੱਖਿਆ ਸੀ, ਜ਼ੋ ਬਾਅਦ ਵਿੱਚ ਸ੍ਰੀ ਅਨੰਦਪੁਰ ਸਾਹਿਬ (ਅਨੰਦਾਂ ਦੀ ਪੁਰੀ) ਦੇ ਨਾਮ ਨਾਲ ਪ੍ਰਸਿੱਧ ਹੋਇਆ.

ਗੁਰੂ ਸਾਹਿਬ ਜੀ ਨੇ ਗੁਰਮਿਤ ਅਤੇ ਸਿੱਖੀ ਸਿੱਧਾਤਾਂ ਲਈ ਵੱਖ:-ਵੱਖ ਜਗ੍ਹਾ ਤੇ ਜਾ ਕੇ ਪ੍ਰਚਾਰ ਕੀਤਾ ਜਿਸ ਦੌਰਾਨ ਉਨ੍ਹਾਂ ਵੱਲੋਂ ਪੰਜਾਬ ਕੁਰੂਕਸ਼ੇਤਰ, ਦਿੱਲੀ, ਹਰਿਦੁਆਰ, ਮਥੁਰਾ, ਆਗਰਾ, ਕਾਨਪੁਰ, ਇਲਾਹਾਬਾਦ, ਬਨਾਰਸ, ਗਯਾਂ, ਢਾਕਾ ਅਤੇ ਆਸਾਮ ਆਦਿ ਦੇ ਇਲਾਕਿਆਂ ਵਿੱਚ ਗਏ. ਗੁਰੂ ਜੀ ਨੇ ਧੂਬੜੀ (ਅਸਾਮ) ਵਿਖੇ ਰਾਜਾ ਰਾਮ ਸਿੰਘ ਅਤੇ ਹੋਮੀ ਕਬੀਲੇ ਦੇ ਸਰਦਾਰ ਚੱਕਰਧਵਜ ਵਿੱਚ ਸੁਲ੍ਹਾ ਕਰਵਾਈ. ਗੁਰੂ ਸਾਹਿਬ ਦੇ ਉਪਦੇਸ਼ਾਂ ਨੇ ਦੋਹਾਂ ਧਿਰਾਂ ਦੇ ਮਨਾਂ ਵਿੱਚ ਵੈਰ ਭਾਵਨਾ ਨੂੰ ਖ਼ਤਮ ਕਰ ਦਿੱਤਾ.ਇਨ੍ਹਾਂ ਪ੍ਰਚਾਰ ਦੌਰਿਆਂ ਦੌਰਾਨ ਗੁਰੂ ਜੀ ਨੇ ਮੁੱਖ ਤੌਰ ਤੇ ਲੋਕਾਂ ਨੂੰ ਨਾ ਕਿਸੇ ਤੋਂ ਡਰਨ ਅਤੇ ਨਾ ਹੀ ਕਿਸੇ ਨੂੰ ਡਰਾਉਣ ਦੀ ਪ੍ਰੇਰਨਾ ਕਰਕੇ ਉਨ੍ਹਾਂ ਅੰਦਰ ਕੁਰਬਾਨੀ ਦਾ ਜਜ਼ਬਾ ਭਰਿਆ.

ਮੁਗਲ ਬਾਦਸ਼ਾਹ ਔਰੰਗਜ਼ੇਬ ਨੇ 1658 ਈ. ਤੋਂ 1707 ਈ. ਤੱਕ ਦੇ ਆਪਣੇ ਰਾਜ ਦੇ ਸਮੇਂ ਦੌਰਾਨ ਭਾਰਤ ਵਿੱਚ ਹਰ ਪਾਸੇ ਬਹੁਤ ਜ਼ਲਮ ਕੀਤੇ .ਉਸ ਦੇ ਹੁਕਮ ਨਾਲ ਦੇਸ਼ ਅੰਦਰ ਧਾਰਮਿਕ ਕੱਟੜਦਾ ਦੀ ਲਹਿਰ ਚਲਾਈ ਗਈ, ਜਿਸ ਤਹਿਤ ਹਿੰਦੂ ਲੋਕਾਂ ਨੂੰ ਸਰਕਾਰੀ ਨੌਕਰੀਆਂ ਤੋਂ ਕੱਢਿਆ ਜਾਣ ਲੱਗਿਆ.ਔਰੰਗਜ਼ੇਬ ਨੇ 1674 ਈ. ਵਿੱਚ ਫੈ▲ਸਲਾ ਕੀਤਾ ਕਿ ਗੈਰ:-ਮੁਸਲਮਾਨਾਂ ਨੂੰ ਮੁਸਲਮਾਨ ਬਣਾਇਆ ਜਾਵੇ.ਉਸ ਨੇ ਇਸ ਲਈ ਸਭ ਤੋਂ ਪਹਿਲਾਂ ਕਸ਼ਮੀਰ ਨੂੰ ਚੁਣਿਆ ਕਿਉਂਕਿ ਉਹ ਸੋਚਦਾ ਸੀ ਕਿ ਕਸ਼ਮੀਰ ਦੇ ਪੰਡਿਤ ਬਹੁਤ ਵਿਦਵਾਨ ਹਨ.ਇਸ ਲਈ ਜੇਕਰ ਉਹ ਇਸਲਾਮ ਧਰਮ ਆਨਾ ਲੈਣਗੇ ਤਾਂ ਬਾਕੀ ਦੇ ਆਮ ਲੋਕ ਵੀ ਉਨ੍ਹਾਂ ਵੱਲ ਵੇਖ ਕੇ ਅਸਾਨੀ ਨਾਲ ਆਪਣਾ ਧਰਮ ਬਦਲ ਲੈਣਗੇ.

ਔਰੰਗਜ਼ੇਬ ਦੇ ਅੱਤਿਆਚਾਰਾਂ ਤੋਂ ਬਚਾਉਣ ਦੀ ਫਰਿਆਦ ਲੈ ਕੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ, ਕੁੱਝ ਕਸ਼ਮੀਰੀ ਬ੍ਰਾਹਮਣਾਂ ਦਾ ਇੱਕ ਵਫ਼ਦ ਸ੍ਰੀ ਅਨੰਦਪੁਰ ਸਾਹਿਬ ਪੁੱਜਾ. 25 ਮਈ 1675 ਈ. ਨੂੰ ਉਨ੍ਹਾਂ ਦੀ ਮੁਲਾਕਾਤ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਹੋਈ ਸਤਿਗੁਰਾਂ ਨੇ ਕਸ਼ਮੀਰੀ ਪੰਡਿਤਾਂ ਦੇ ਦੁੱਖ ਨੂੰ ਬਹੁਤ ਹਮਦਰਦੀ ਨਾਲ ਸੁਣਿਆ . ਗੁਰੂ ਜੀ ਨੇ ਸੋਚ ਵਿੱਚ ਕਰਨ ਉਪਰੰਤ ਇਹ ਬਚਨ ਕੀਤਾ ਕਿ ਇਹ ਸੰਕਟ ਤਾਂ ਟਲ ਸਕਦਾ ਹੈ, ਜੇਕਰ ਕੋਈ ਮਹਾਨ ਵਿਆਕਤੀ ਆਪਣਾ ਬਲੀਦਾਨ ਦੇਵੇ.ਇਹ ਸੁਣ ਕੇ ਪਾਸ ਬੈਠੇ.ਬਾਲ ਸ੍ਰੀ ਗੋਬਿੰਦ ਰਾਇ ਜੀ ਨੇ ਕਿਹਾ ਕਿ ਪਿਤਾ ਜੀ ਤੁਹਾਡੇ ਤੋਂ ਮਹਾਨ ਵਿਅਕਤੀ ਹੋਰ ਕੌਣ ਹੋ ਸਕਦਾ ਹੈ‹ ਇਹ ਸੁਣ ਕੇ ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਤੁਸੀਂ ਬਾਦਸ਼ਾਹ ਨੂੰ ਖਿਲ ਭੇਜੋ ਕਿ ਗੁਰੂ ਤੇਗ ਬਹਾਦਰ ਸਾਡੇ ਧਾਰਮਿਕ ਰਹਿਬਰ ਹਨ. ਜੇਕਰ ਉਹ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਸਾਰੇ ਹੀ ਇਸਲਾਮ ਕਬੂਲ ਕਰ ਲਵਾਂਗੇ. ਇਸ ਤਰ੍ਹਾਂ ਗੁਰੂ ਜੀ ਨੇ ਔਰੰਗਜੇ▲ਬ ਦੇ ਜ਼ੁਲਮ ਨੂੰ ਵੰਗਾਰਿਆ.

ਗੁਰੂ ਸਾਹਿਬ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲਣ ਵੇਲੇ ਸੰਗਤਾਂ ਨੂੰ ਬਚਨ ਕੀਤਾ ਕਿ ਸਾਡੇ ਤੋਂ ਬਾਅਦ ਗੁਰਿਆਈ ਦੀ ਜਿੰ▲ਮੇਵਾਰੀ ਗੋਬਿੰਦ ਰਾਇ ਜੀ ਸੰਭਾਲਣਗੇ. ਮਿਤੀ 11 ਜੁਲਾਈ, 1675 ਈ. ਨੂੰ ਗੁਰੂ ਜੀ ਪੰਜ ਸਿੱਖਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਰਵਾਨਾ ਹੋਏ. ਉਸ ਸਮੇਂ ਭਾਵੇਂ ਔਰੰਗਜੇ▲ਬ ਦਿੱਲੀ ਵਿੱਚ ਨਹੀਂ ਸੀ, ਪਰ ਉਸ ਦੇ ਹੁਕਮ ਨਾਲ ਹੀ ਸਭ ਕੁੱਝ ਹੋ ਰਿਹਾ ਸੀ. ਔਰੰਗਜ਼ੇਬ ਦੇ ਭੇਜੇ ਹੁਕਮ ਅਨੁਸਾਰ ਸਥਾਨਕ ਹਾਕਮਾਂ ਨੇ ਗੁਰੂ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ, ਇਸਲਾਮ ਕਬੂਲ ਕਰੋ, ਕਰਾਮਾਤ ਵਿਖਾਓ ਜਾਂ ਮੌਤ ਕਬੂਲ ਕਰੋ.ੌ ਗੁਰੂ ਜੀ ਨੇ ਉੱਤਰ ਦਿੱਤਾ ਕਿ ਸਾਡੇ ਲਈ ਆਪਣਾ ਧਰਮ ਪਿਆਰਾ ਹੈ, ਕਰਾਮਾਤ ਕਹਿਰ ਦਾ ਨਾਂ ਹੈ, ਇਹ ਅਸਾਂ ਦਿਖਾਉਣੀ ਨਹੀਂ, ਕਿਉਂਕਿ ਇਹ ਗੁਰੂ ਆਸੇ▲ ਦੇ ਉਲਟ ਹੈ. ਤੀਸਰੀ ਰਹੀ ਮੌਤ ਦੀ ਗੱਲ, ਇਸ ਨੂੰ ਅਸੀਂ ਪ੍ਰਵਾਨ ਕਰਦੇ ਹਾਂ ੌ. ਇਹ ਸੁਣ ਕੇ ਸਤਿਗੁਰਾਂ ਨੂੰ ਸ਼ਹੀਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਗਿਆ ਦਿੱਲੀ ਦੇ ਚਾਦਨੀ ਚੌਂਕ ਵਿੱਚ ਇਹ ਵਰਤਾਰਾ ਵੇਖਣ ਵਾਲਿਆਂ ਦੀ ਭੀੜ ਲੱਗ ਗਈ.

ਗੁਰੂ ਜੀ ਨੂੰ ਆਪਣਾ ਧਰਮ ਛੱਡ ਕੇ ਇਸਲਾਮ ਕਬੂਲ ਕਰਨ ਲਈ ਮਾਨਸਿਕ ਤੌਰ ਤੇ ਡਰਾਉਣ ਧਮਕਾਉਣ ਦੇ ਨਾਲ ਨਾਲ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਪਿਆਰੇ ਤਿੰਨ ਸਿੱਖਾਂ ਨੂੰ ਅਸਹਿ ਅਤੇ ਅਕਹਿ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਗਿਆ ਤਾਂ ਜੋ ਗੁਰੂ ਸਾਹਿਬ ਤਸੀਹਿਆਂ ਤੋਂ ਡਰ ਕੇ ਈਨ ਮੰਨ ਲੈਣ ਅਤੇ ਮੁਸਲਮਾਨ ਧਰਮ ਕਬੂਲ ਲੈਣ. ਇਸ ਤਹਿਤ ਸਭ ਤੋਂ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਗੁਰੂ ਜੀ ਦੀਆਂ ਅੱਖਾਂ ਦੇ ਸਾਹਮਣੇ ਆਰੇ ਨਾਲ ਚੀਰਿਆ ਗਿਆ. ਫਿਰ ਭਾਈ ਸਤੀ ਦਾਸ ਜੀ ਨੂੰ ਜਿਉਂਦੇ ਜੀਅ ਰੂੰ ਵਿੱਚ ਲਪੇਟ ਕੇ ਅੱਗ ਲਾ ਕੇ ਸਾੜਿਆ ਗਿਆ. ਇਹਨਾਂ ਤੋਂ ਬਾਅਦ ਭਾਈ ਦਿਆਲ ਜੀ ਨੂੰ ਪਾਣੀ ਦੀ ਉਬਲਦੀ ਦੇਗ ਵਿੱਚ ਬਿਠਾ ਕੇ ਉਬਾਲਿਆ ਗਿਆ. ਗੁਰੂ ਜੀ ਦੇ ਤਿੰਨ ਪਿਆਰੇ ਸਿੱਖ ਆਪਣਾ ਸਿੱਖੀ ਸਿਦਕ ਨਿਭਾਉਂਦੇ ਹੋਏ ਗੁਰੂ ਜੀ ਦੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਹੋ ਗਏ. ਤਿੰਨਾਂ ਸਿੱਖਾਂ ਦੀ ਸ਼ਹੀਦੀ ਤੋਂ ਬਾਅਦ ਗੁਰੂ ਜੀ ਨੂੰ ਆਪਣਾ ਫੈਸਲਾ ਬਦਲਣ ਲਈ ਮਜ਼ਬੂਰ ਕੀਤਾ ਗਿਆ. ਪਰ ਗੁਰੂ ਸਾਹਿਬ ਜੀ ਨੇਸ ਸ਼ਹੀਦੀ ਨੂੰ ਪ੍ਰਵਾਨ ਕੀਤਾ ਅਤੇ 11 ਨਵੰਬਰ 1675 ਈ. ਨੂੰ ਦਿੱਲੀ ਦੇ ਚਾਦਨੀ ਚੌਂਕ ਵਿੱਚ ਜਲਾਦ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਤਲਵਾਰ ਨਾਲ ਧੜ ਤੋਂ ਵੱਖ ਕਰਨ ਦਾ ਕਹਿਰ ਕਮਾਇਆ. ਇਸ ਸਥਾਨ ਉੱਤੇ ਹੁਣ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ. ਗੁਰੂ ਜੀ ਨੇ ਆਪਣੀ ਸ਼ਹਾਦਤ ਦੇ ਕੇ ਮੁਗਲ ਹਕੂਮਤ ਦੁਆਰਾ ਭਾਰਤ ਦੇ ਗਲ਼ ਪਾਈਆਂ ਗੁਲਾਮੀ ਦੀਆਂ ਜੰ▲ਜੀਰਾਂ ਸਦਾ ਲਈ ਤੋੜਣ ਦਾ ਬਿਗਲ ਵਜਾ ਦਿੱਤਾ.

ਗੁਰੂ ਜੀ ਦੀ ਸ਼ਹੀਦੀ ਉਪਰੰਤ ਭਾਈ ਜੈਤਾ ਜੀ ਨੇ ਬਹੁਤ ਹੀ ਫੁਰਤੀ ਅਤੇ ਨਿਡਰਤਾ ਨਾਲ ਹਾਕਮਾਂ ਨੂੰ ਬਿਨਾਂ ਪਤਾ ਲੱਗਣ ਦਿੱਤੇ ਸਤਿਗੁਰਾਂ ਦਾ ਸੀਸ ਉਠਾ ਲਿਆ. ਇਸ ਨਿਰਭੇ ਸੂਰਮੇ ਨੇ ਜ਼ਾਲਮ ਹਕੂਮਤ ਦੀ ਪ੍ਰਵਾਹ ਨਹੀਂ ਕੀਤੀ ਅਤੇ ਦਿਨ ਰਾਤ ਚੱਲਦਾ ਹੋਇਆ ਗੁਰੂ ਸਾਹਿਬ ਜੀ ਦਾ ਸੀਸ ਲੈ ਕੇ ਸ੍ਰੀ ਗੁਰੂ ਗੋਬਿੰਦ ਰਾਏ ਜੀ ਕੋਲ ਪਹੁੰਚ ਗਿਆ . ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਗਲ਼ ਨਾਲ ਲਾਇਆ ਅਤੇ ਪਿਆਰ ਲਾਲ ਬਚਨ ਕਹੇ ੌ ਰੰਘਰੇਟੇ ਗੁਰਕੇ ਬੇਟੇੌ . ਜਿੱਥੇ ਨੌਵੇਂ ਪਾਤਸ਼ਾਹ ਜੀ ਦੇ ਸੀਸ ਦਾ ਸੰਸਕਾਰ ਕੀਤਾ ਗਿਆ, ਉੱਥੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ.

ਸਤਿਗੁਰਾਂ ਦੇ ਧੜ ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਵਣਜਾਰਾ ਜੀ ਨੇ ਨਿਭਾਈ. ਉਹ ਸਮਾਂ ਦੇਖ ਕੇ ਸਤਿਗੁਰਾਂ ਦਾ ਧੜ ਉਠਾ ਕੇ ਘਰ ਲੈ ਆਏ. ਉਨ੍ਹਾਂ ਨੇ ਆਪਣੇ ਘਰ ਵਿੱਚ ਹੀ ਚਿਖਾ ਤਿਆਰ ਕਰਕੇ ਸਤਿਕਾਰ ਨਾਲ ਸਤਿਗੁਰਾਂ ਦੀ ਦੇਹ ਰੱਖ ਅਤੇ ਘਰ ਨੂੰ ਹੀ ਅੱਗ ਲਗਾ ਦਿੱਤੀ. ਜਿੱਥੇ ਗੁਰੂ ਜੀ ਦੇ ਸਰੀਰ ਦਾ ਸਸਕਾਰ ਹੋਇਆ, ਇੱਥੇ ਗੁਰਦੁਆਰਾ ੌ ਰਕਾਬ ਗੰਜ ਸਾਹਿਬ (ਦਿੱਲੀ) ੌ ਸੁਸੋ▲ਭਿਤ ਹੈ.

ਆਪਣਾ ਬਲੀਦਾਨ ਦੇ ਕੇ ਨੌਵੇਂ ਪਾਤਸ਼ਾਹ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਿਰਫ ਹਿੰਦੂ ਧਰਮ ਦੇ ਤਿਲਕ ਤੇ ਜੰਞੂ ਨੂੰ ਹੀ ਨਹੀਂ ਬਚਾਇਆ, ਸਗੋਂ ਸਾਰੀ ਮਨੁੱਖਤਾ ਦੀ ਧਾਰਮਿਕ ਸੁਤੰਤਰਤਾ ਅਤੇ ਮਨੁੱਖੀ ਕਦਰਾਂ ਕੀਮਤਾ ਦੀ ਰਾਖੀ ਦੀ ਅਵਾਜ਼ ਬੁਲੰਦ ਕੀਤੀ. ਕਲਯੁੱਗ ਵਿੱਚ ਸ਼ਹੀਦੀ ਪਾ ਕੇ ਸਤਿਗੁਰਾਂ ਨੇ ਬਹੁਤ ਵੱਡਾ ਸਾਕਾ ਕਰ ਦਿਖਾਇਆ. ਸ਼ਰਨ ਵਿੱਚ ਆਇਆਂ ਲਈ ਭਲਾਈ ਕਰਦਿਆਂ ਆਪਣਾ ਸੀਸ ਕੁਰਬਾਨ ਕਰ ਦਿੱਤਾ, ਪਰ ਮੁੱਖ ਤੋਂ ੌ ਸੀ ੌ ਤੱਕ ਨਾ ਉਚਾਰੀ.ਧਰਮ ਦੀ ਰੱਖਿਆ ਲਈ ਇਹ ਮਹਾਨ ਸਾਕਾ ਕੀਤਾ. ਸਤਿਗੁਰਾਂ ਨੇ ਆਪਣਾ ਸੀਸ ਤਾਂ ਵਾਰ ਦਿੱਤਾ, ਪਰ ਸਿਦਕ ਨਾ ਹਾਰਿਆ. ਇਸ ਮਹਾਨ ਕੁਰਬਾਨੀ ਦੇ ਸਦਕਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ੌ ਹਿੰਦ ਦੀ ਚਾਦਰੌ ਵੀ ਕਿਹਾ ਜਾਂਦਾ ਹੈ.

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਸਬੰਧ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਬਚਿੱਤਰ ਨਾਟਕ ਵਿੱਚ ਫ਼ਰਮਾਉਂਦੇ ਹਨ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਯਾ ਪਰੁ ਸੀ ਨਾ ਉਚਰੀ॥13॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰੁ ਸਿਰਰੁ ਨ ਦੀਆ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 59 ਸ਼ਬਦ ਅਤੇ 57 ਸਲੋਕ ਉਚਾਰਨ ਕੀਤੇ ਹਨ.ਉਨ੍ਹਾਂ ਨੇ ਆਪਣੀ ਬਾਣੀ ਵਿੱਚ ਇਹ ਮਨੁੱਖਾ ਜੀਵਨ ਅਜਾਈਂ ਨਾ ਗੁਆਉਣ ਅਤੇ ਪ੍ਰਭੂ ਨਾਲ ਜੁਣ ਕੇ ਸਫ਼ਲ ਕਰਨ ਉੱਤੇ ਜ਼ੋਰ ਦਿੱਤਾ ਹੈ.

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੋਂ ਸਾਨੂੰ ਇਹ ਸਿੱਖਿਆ ਭਾਵ ਪ੍ਰੇਰਣਾ ਮਿਲਦੀ ਹੈ ਕਿ ਸਾਨੂੰ ਇੱਕ ਅਕਾਲ ਪੁਰਖ ਉੱਤੇ ਭਰੋਸਾ ਰੱਖਣਾ ਚਾਹੀਦਾ ਹੈ, ਕਦੇ ਵੀ ਜ਼ਾਲਮ ਦੇ ਜੁ▲ਲਮ ਅੱਗੇ ਝੁਕਣਾ ਨਹੀਂ ਚਾਹੀਦਾ ਅਤੇ ਮਨੁੱਖੀ ਅਧਿਕਾਰਾਂ ਅਤੇ ਕਦਰਾਂ ਕੀਮਤਾਂ ਦੀ ਰਾਖੀ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ।

**ਵਿਨੋਦ ਫ਼ਕੀਰਾ,ਸਟੇਟ ਐਵਾਰਡੀ**
ਲੇਖਕ ਪੰਜਾਬੀ ਭਾਸ਼ਾ ਵਿਭਾਗ,ਪਟਿਆਲਾ,ਪੰਜਾਬ ਅਤੇ ਲੇਖਕ ਪੰਜਾਬੀ ਸਾਹਿਤਕ ਅਕਦਮੀ, ਹਰਿਆਣਾ,ਪੰਚਕੂਲਾ,
ਵਿਨੋਦ ਕੁਮਾਰ ਵਾਲੀ ਗਲੀ.
ਆਰੀਆ ਨਗਰ, ਕਰਤਾਰਪੁਰ, ਜਲੰਧਰ.
ਮੋ.098721 97326

# ਆਲ ਇੰਡੀਆ ਬੀ. ਐਸ. ਐਨ. ਐਲ. ਪੈਨਸ਼ਨਰਜ਼ ਐਸੋ: ਦੇ ਜ਼ਿਲ੍ਹਾ ਅਹੁਦੇਦਾਰਾਂ ਦੀ ਚੋਣ ਹੋਈ

## ਸਰਵਸੰਮਤੀ ਨਾਲ ਬਲਵੰਤ ਸਿੰਘ ਸੰਧੂ ਪ੍ਰਧਾਨ, ਗੁਰਪਾਲ ਸਿੰਘ ਸਕੱਤਰ ਅਤੇ ਹਰਭਜਨ ਸਿੰਘ ਸੰਧੂ ਖਜਾਨਚੀ ਚੁਣੇ ਗਏ

**ਸਮਰਾਲਾ/ਭੂਸ਼ਨ ਬਾਂਸਲ/ਸੁਨੀਲ ਅਗਰਵਾਲ**

ਆਲ ਇੰਡੀਆ ਬੀ. ਐਸ. ਐਨ. ਐਲ.ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਇੱਕ ਚੋਣ ਮੀਟਿੰਗ ਟੈਲੀਫੋਨ ਐਕਸਚੇਂਜ ਸਮਰਾਲਾ ਵਿਖੇ ਹੋਈ। ਜਿਸ ਵਿੱਚ ਜ਼ਿਲ੍ਹਾ ਲੁਧਿਆਣਾ ਦੇ ਅਹੁਦੇਦਾਰਾਂ ਅਤੇ ਕਾਰਜਕਾਰੀ ਮੈਂਬਰਾਂ ਦੀ ਚੋਣ ਕੀਤੀ ਗਈ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਸਰਕਲ ਸਕੱਤਰ ਬਾਜਵਾ ਨੇ ਬੀ. ਐਸ. ਐਨ. ਐਲ.ਪੈਨਸ਼ਨਰਾਂ ਦੀਆਂ ਮੁੱਢਲੀਆਂ ਮੰਗਾਂ ਅਤੇ ਮੁਸ਼ਕਿਲਾਂ ਸਬੰਧੀ ਵਿਸਥਾਰ ਪੂਰਵਕ




ਜਾਣਕਾਰੀ ਦਿੱਤੀ ਅਤੇ ਪੈਨਸ਼ਨ ਰਵਾਈਜ਼ ਕਰਨ ਸਬੰਧੀ ਵੀ ਮੰਗ ਕੀਤੀ ਗਈ, ਇਸ ਤੋਂ ਇਲਾਵਾ ਬੀ. ਐਸ. ਐਨ. ਐਲ.ਪੈਨਸ਼ਨਰਾਂ ਨੂੰ ਪਿਛਲੇ ਤਿੰਨ ਸਾਲਾਂ ਮੈਡੀਕਲ ਭੱਤਾ ਨਹੀਂ ਮਿਲ ਰਿਹਾ, ਜਿਸਨੂੰ ਤੁਰੰਤ ਜਾਰੀ ਕਰਨ ਦੀ ਬੇਨਤੀ ਵੀ ਕੀਤੀ ਗਈ। ਇਸ ਮੌਕੇ ਐਚ. ਆਰ. ਕੌਸ਼ਲ ਬਰਾਂਚ ਸਕੱਤਰ ਖੰਨਾ, ਬਰਾਂਚ ਸਕੱਤਰ ਜਗਰਾਓਂ ਅਤੇ ਲੁਧਿਆਣਾ ਤੋਂ ਇਲਾਵਾ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਚੇਅਰਮੈਨ ਸੁਦੇਸ਼ ਸ਼ਰਮਾ ਨੇ ਵੀ ਸੰਬੋਧਨ ਕੀਤਾ ਅਤੇ ਪੈਨਸ਼ਨਰਾਂ ਨੂੰ ਦਰਪੇਸ਼ ਮੁਸ਼ਕਿਲਾਂ ਸਬੰਧੀ ਵਿਚਾਰ ਸਾਂਝੇ ਕੀਤੇ ਗਏ। ਇਸ ਉਪਰੰਤ ਸਰਬਸੰਮਤੀ ਨਾਲ ਸੈਸ਼ਨ 2022-23 ਲਈ ਜ਼ਿਲ੍ਹਾ ਲੁਧਿਆਣਾ ਦੇ ਅਹੁਦੇਦਾਰਾਂ ਅਤੇ ਕਾਰਜਕਾਰੀ ਮੈਂਬਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਸਰਵਸੰਮਤੀ ਨਾਲ ਬਲਵੰਤ ਸਿੰਘ ਸੰਧੂ ਪ੍ਰਧਾਨ, ਗੁਰਪਾਲ ਸਿੰਘ ਸਕੱਤਰ, ਹਰਭਜਨ ਸਿੰਘ ਖਜਾਨਚੀ ਚੁਣੇ ਗਏ ਅਤੇ ਉਕਤ ਤੋਂ ਇਲਾਵਾ ਦਰਜਨ ਦੇ ਕਰੀਬ ਕਾਰਜਕਾਰੀ ਮੈਂਬਰਾਂ ਦੀ ਵੀ ਚੋਣ ਕੀਤੀ ਗਈ। ਅੱਜ ਦੀ ਮੀਟਿੰਗ ਵਿੱਚ ਉਪਰੋਕਤ ਪੈਨਸ਼ਨਰਾਂ ਤੋਂ ਇਲਾਵਾ ਸ਼ਵਿੰਦਰ ਸਿੰਘ ਕਲੇਰ, ਗੁਰਮੀਤ ਸਿੰਘ, ਕੁਲਵੀਰ ਸਿੰਘ, ਰਛਪਾਲ ਸਿੰਘ ਅਤੇ ਹੋਰ ਮੈਂਬਰ ਹਾਜਰ ਸਨ। ਅਖੀਰ ਨਵੀਂ ਚੁਣੀ ਟੀਮ ਨੂੰ ਸਾਰੇ ਪੈਨਸ਼ਨਰਾਂ ਨੇ ਵਧਾਈ ਦਿੱਤੀ ਅਤੇ ਮੂੰਹ ਮਿੱਠਾ ਕਰਵਾਇਆ।

ਰੋਜ਼ਾਨਾ ਲੋਕ ਬਾਣੀ

# ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਅੱਜ ਮਾਛੀਵਾੜਾ ਸਾਹਿਬ ਪੁੱਜੇ



**ਸਮਰਾਲਾ ਮਾਛੀਵਾੜਾ ਸਾਹਿਬ/ਭੂਸ਼ਨ ਬਾਂਸਲ ਸੁਸ਼ੀਲ ਅਗਰਵਾਲ**

ਪੰਜਾਬ ਕਾਂਗਰਸ ਦੇ ਨਵ ਨਿਯੁਕਤ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਪੰਜਾਬ ਦੌਰੇ ਉੱਤੇ ਹਨ। ਰਾਜਾ ਵੜਿੰਗ ਵੱਖ ਵੱਖ ਵਿਧਾਨ ਸਭਾ ਹਲਕਿਆਂ ਵਿੱਚ ਜਾ ਕੇ ਕਾਂਗਰਸ ਦੇ ਹਲਕਾ ਇੰਚਾਰਜਾਂ ਵਿਧਾਇਕਾਂ ਆਦਿ ਨੂੰ ਮਿਲ ਰਹੇ ਹਨ। ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਰਾਜਾ ਵੜਿੰਗ ਨੂੰ ਪੰਜਾਬ ਵਿੱਚ ਵਿਚਰਨ ਦੀ ਜ਼ਿਆਦਾਤਰ ਲੋੜ ਇਸ ਲਈ ਵੀ ਪੈ ਗਈ। ਕਿਉਂਕਿ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਪੰਜਾਬ ਦੇ ਅਨੇਕਾਂ ਇਲਾਕਿਆਂ ਵਿੱਚ ਵਿਚਰ ਰਹੇ ਹਨ । ਨਵਜੋਤ ਸਿੱਧੂ ਖ਼ਾਸਕਰ ਉਨ੍ਹਾਂ ਵਿਅਕਤੀਆਂ ਕੋਲ ਜਾ ਰਹੇ ਹਨ ਜੋ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਤੋਂ ਵੱਖ ਕਰ ਦਿੱਤੇ ਗਏ ਸਨ ਜਾਂ ਕਿਸੇ ਨਾ ਕਿਸੇ ਰੂਪ ਵਿੱਚ ਬਾਗੀ ਹਨ।

ਰਾਜਾ ਵੜਿੰਗ ਅੱਜ ਲੁਧਿਆਣਾ ਜ਼ਿਲ੍ਹੇ ਦੇ ਵਿਚ ਜਮਾਲਪੁਰ ਸਾਹਨੇਵਾਲ ਤੋਂ ਹੁੰਦੇ ਹੋਏ ਵਿਧਾਨ ਸਭਾ ਹਲਕਾ ਸਮਰਾਲਾ ਦੇ ਵਿੱਚ ਪੈਂਦੇ ਇਤਿਹਾਸਕ ਸ਼ਹਿਰ ਮਾਛੀਵਾੜਾ ਸਾਹਿਬ ਵਿੱਚ ਪੁੱਜੇ। ਉਨ੍ਹਾਂ ਨੇ ਮਾਛੀਵਾੜਾ ਪੁੱਜ ਕੇ ਪਹਿਲਾਂ ਗੁਰਦੁਆਰਾ ਚਰਨ ਕਵਲ ਸਾਹਿਬ ਵਿੱਚ ਮੱਥਾ ਟੇਕਿਆ। ਉਸ ਤੋਂ ਬਾਅਦ ਹਲਕਾ ਸਮਰਾਲਾ ਦੇ ਕਾਂਗਰਸ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਵੱਲੋਂ ਰੱਖੇ ਪ੍ਰੋਗਰਾਮ ਵਿੱਚ ਉਨ੍ਹਾਂ ਨੇ ਸ਼ਿਰਕਤ ਕੀਤੀ।

ਰਾਜਾ ਵੜਿੰਗ ਦਾ ਕਾਂਗਰਸ ਵੱਲੋਂ ਰੱਖੇ ਸਮਾਗਮ ਵਿੱਚ ਪੁੱਜਣ ਉਤੇ ਵਿਧਾਨ ਸਭਾ ਹਲਕਾ ਸਮਰਾਲਾ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਆਪਣੇ ਸਾਥੀਆਂ ਸਮੇਤ ਉਨ੍ਹਾਂ ਦਾ ਸਵਾਗਤ ਗੁਲਦਸਤੇ ਭੇਂਟ ਕਰਕੇ ਕੀਤਾ। ਸਟੇਜ ਦੀ ਕਾਰਵਾਈ ਦੌਰਾਨ ਸਭ ਤੋਂ ਪਹਿਲਾਂ ਰਾਜਾ ਗਿੱਲ ਨੇ ਰਾਜਾ ਵੜਿੰਗ ਦੇ ਆਉਣ ਉੱਤੇ ਉਨ੍ਹਾਂ ਦੇ ਲਈ ਸਵਾਗਤੀ ਸ਼ਬਦ ਬੋਲੇ। ਉਪਰੰਤ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਧਾਨ ਸਭਾ ਚੋਣਾਂ ਦੇ ਮੰਥਨ ਤੋਂ ਬਾਅਦ ਹਾਈ ਕਮਾਂਡ ਨੇ ਜੋ ਪੰਜਾਬ ਕਾਂਗਰਸ ਵਿੱਚ ਫੇਰਬਦਲ ਕੀਤੀ ਹੈ ਉਸ ਦਾ ਸਭ ਨੇ ਸਵਾਗਤ ਕੀਤਾ ਹੈ । ਪੰਜਾਬ ਕਾਂਗਰਸ ਦੀ ਪ੍ਰਧਾਨਗੀ ਮੈਨੂੰ ਮਿਲਣ ਤੋਂ ਬਾਅਦ ਮੈਂ ਸਮੁੱਚੇ ਪੰਜਾਬ ਵਿੱਚ ਜਾ ਕੇ ਆਪਣੇ ਸੀਨੀਅਰ ਕਾਂਗਰਸੀ ਲੀਡਰਾਂ ਰਾਹੀਂ ਹਰ ਹਲਕੇ ਦੇ ਲੋਕਾਂ ਨੂੰ ਮਿਲਣ ਦਾ ਯਤਨ ਕਰਾਂਗਾ। ਅਸੀਂ ਪੰਜਾਬ ਵਿੱਚ ਇੱਕ ਨਵੀਂ ਕਾਂਗਰਸ ਨਵੇਂ ਤਰੀਕੇ ਨਾਲ ਖੜ੍ਹੀ ਕਰਾਂਗੇ। ਇਹ ਕੋਈ ਪਾਰਟੀ ਪੱਧਰ ਤੇ ਨਵੀਂ ਕਾਂਗਰਸ ਨਹੀਂ ਸਗੋਂ ਪਹਿਲਾਂ ਵਾਲੀ ਕਾਂਗਰਸ ਵਿੱਚ ਹੀ ਨਵੀਂ ਰੂਹ ਫੂਕਾਂਗੇ। ਜੇ ਅਸੀਂ ਪਿਛਲੀਆਂ ਗਲਤੀਆਂ ਤੋਂ ਸਬਕ ਨਾ ਸਿੱਖਿਆ ਮੁੜ ਮੁੜ ਉਹੀ ਦੁਹਰਾ ਕੀਤਾ ਤਾਂ ਫਿਰ ਸਾਡੇ ਪੱਲੇ ਕੁਝ ਵੀ ਨਹੀਂ ਪਵੇਗਾ। ਇਸ ਲਈ ਆਓ ਸਾਰੇ ਪੰਜਾਬ ਵਾਸੀ ਇਕੱਤਰ ਹੋ ਕੇ ਪੰਜਾਬ ਲਈ ਲੜਨ ਦਾ ਅਹਿਦ ਕਰੀਏ। ਰਾਜਾ ਗਿੱਲ ਨੇ ਆਪਣੇ ਭਾਸ਼ਣ ਵਿਚ ਮੁੜ ਮੁੜ ਪੰਜਾਬ ਦੇ ਮੁੱਦਿਆਂ ਦੀ ਗੱਲ ਕੀਤੀ ਤੇ ਨਾਲ ਹੀ ਪੰਜਾਬ ਵਿੱਚ ਮੌਜੂਦਾ ਸਰਕਾਰ ਦਾ ਹਾਲੇ ਹੋਰ ਸਮਾਂ ਦੇਖਣ ਨੂੰ ਵੀ ਕਿਹਾ।

ਇਸ ਮੌਕੇ ਸਮਰਾਲਾ ਹਲਕੇ ਦੇ ਕਾਂਗਰਸ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਗੁਰਕੀਰਤ ਸਿੰਘ ਕੋਟਲੀ ਲਖਵੀਰ ਸਿੰਘ ਲੱਖਾ ਪਾਇਲ ਭਾਰਤ ਭੂਸ਼ਣ ਆਸ਼ੂ ਮਲਕੀਤ ਸਿੰਘ ਦਾਖਾ ਸ਼ਕਤੀ ਆਨੰਦ ਕਸਤੂਰੀ ਲਾਲ ਮਿੰਟੂ ਈਸ਼ਰ ਸਿੰਘ ਮੇਹਰਬਾਨ ਡਾ ਗੁਰਮੁਖ ਚਾਹਲ ਜਸਪ੍ਰੀਤ ਸਿੰਘ ਕਲਾਲਮਾਜਰਾ ਐਡਵੋਕੇਟ ਕਪਿਲ ਆਨੰਦ ਡਾ ਅਜਮੇਰ ਸਿੰਘ ਪੂਰਬਾ ਜਤਿੰਦਰ ਸਿੰਘ ਜੋਗਾ ਲਖਵਿੰਦਰ ਸਿੰਘ ਲੱਖਾ ਰੌਣੀ ਗੁਰਨਾਮ ਸਿੰਘ ਖਾਲਸਾ ਪਰਮਿੰਦਰ ਤਿਵਾੜੀ ਸੁਖਜਿੰਦਰ ਬਰਾੜ ? ਵਿਜੇ ਕੁਮਾਰ ਸਨੀ ਦੁਆ ਐਮ ਸੀ ਪਰਮਜੀਤ ਪੰਮੀ ਐੱਮ ਸੀ ਬਲਵਿੰਦਰ ਰਾਏ ਵਨੀਤ ਕੁਮਾਰ ਝੜੌਦੀ ਸੁੱਖਾ ਮਾਨ ਗਗਨਦੀਪ ਸ਼ਰਮਾ ਨੀਰਜ ਸਿਹਾਲਾ ਕੁਲਦੀਪ ਸਿੰਘ ਉਟਾਲ ਪ੍ਰੇਮ ਬੀਰ ਸੱਦੀ ਸਰਪੰਚ ਓਟਾਲਾ ਕਰਮ ਸਿੰਘ ਉਟਾਲਾ ਸੋਮਨਾਥ ਸੰਮਤੀ ਮੈਂਬਰ ਜਗਜੀਤ ਸਿੰਘ ਭਰਥਲਾ ਸਦੀ ਭੂਚਾਲਾਂ ਅਮਨਦੀਪ ਘਰੋਂ ਸੁਖਵਿੰਦਰ ਸਿੰਘ ਨਾਗਰਾ ਕਮਲ ਪੂਨੀਆ ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਪੰਚ ਸਰਪੰਚ ਤੇ ਕਾਂਗਰਸੀ ਵਰਕਰ ਹਾਜ਼ਰ ਹੋਏ।

## ਵਰੇਗੰਢ ਮੁਬਾਰਕ



ਸਰਦਾਰ ਰਜਿੰਦਰ ਸਿੰਘ ਅਤੇ ਸਰਦਾਰਨੀ ਸਰਬਜੀਤ ਕੌਰ ਨੂੰ ਵਿਆਹ ਦੀ 27ਵੀਂ ਵਰੇਗੰਢ ਦੀਆਂ ਬਹੁਤ ਬਹੁਤ ਮੁਬਾਰਕਾਂ।

## ਜਨਮਦਿਨ ਮੁਬਾਰਕ



ਗੁਰਸੀਰਤ ਕੌਰ
ਪਿਤਾ ਦਾ ਨਾਮ : ਕੌਰ ਸਿੰਘ
ਮਾਤਾ ਦਾ ਨਾਮ : ਸ਼ਿੰਦਰਪਾਲ ਕੌਰ
ਪਤਾ : ਪਿੰਡ ਬੁਰਜ ਡੱਲਾ
(ਬਠਿੰਡਾ)

# ਐਸ ਐਸ ਡੀ ਏ ਵੀ ਸਕੂਲ ’ਚ 12 ਵੀਂ ਜਮਾਤ ਦਾ ਵਿਦਾਇਗੀ ਸਮਾਰੋਹ ਮਨਾਇਆ ਗਿਆ




**ਦੀਨਾਨਗਰ/ਡਾ.ਰਮੇਸ਼ ਸਰੰਗਲ**

ਅੱਜ ਸਥਾਨਕ ਐਸ ਐਸ ਡੀ ਏ ਵੀ ਸਕੂਲ ਦੀਨਾਨਗਰ ਦੇ ਵਿਹੜੇ ਵਿੱਚ 12 ਵੀਂ ਜਮਾਤ ਦਾ ਵਿਦਾਇਗੀ ਸਮਾਰੋਹ ਪ੍ਰਧਾਨ ਸ਼੍ਰੀ ਅਰਵਿੰਦ ਮਹਿਤਾ , ਸੈਕਟਰੀ ਮਧੁਰਭਵਿਸ਼ੀਨੀ , ਮੈਨੇਜਰ ਸ਼ਸ਼ੀਪਾਲ ਗੁਪਤਾ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ 11ਵੀ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ ਭੈਣਾਂ-ਭਰਾਵਾਂ ਨੂੰ ਕੁਮੈਂਟ ਅਤੇ ਤੋਹਫ਼ੇ ਦਿੱਤੇ । ਇਸ ਤੋਂ ਬਾਅਦ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਅਧਿਆਪਕਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਤਾਰੀਫ ਦਿਵਸ ਵਿੱਚ ਤੋਹਫੇ ਭੇਟ ਕੀਤੇ। ਇਸ ਮੌਕੇ ਮੁੱਖ ਮਹਿਮਾਨ ਅਰਵਿੰਦ ਮਹਿਤਾ ਨੇ ਬੱਚਿਆਂ ਨੂੰ ਜੀਵਨ ਵਿੱਚ ਸਖ਼ਤ ਮਿਹਨਤ ਕਰਨ ਅਤੇ ਪੂਰੀ ਲਗਨ ਨਾਲ ਆਪਣੇ ਟੀਚਿਆਂ ਤੱਕ ਪਹੁੰਚਣ ਦੀ ਕਾਮਨਾ ਕੀਤੀ, ਪ੍ਰਿੰਸੀਪਲ ਸੁਸ਼ੀਲ ਕੁਮਾਰ ਨੇ ਵੀ ਬੱਚਿਆਂ ਨੂੰ ਵੀ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕਰਨ ਦੀ ਕਾਮਨਾ ਕੀਤੀ । ਇਸ ਪ੍ਰੋਗਰਾਮ ਦਾ ਮੰਚ ਸੰਚਾਲਨ ਪੂਜਾ ਸ਼ਰਮਾ ਨੇ ਕੀਤਾ। ਇਸ ਮੌਕੇ ਤੇ ਵਾਈਸ ਪ੍ਰਿੰ ਰਚਨਾ ਸੈਣੀ, ਪੀਆਰਓ ਸੰਦੀਪ ਠਾਕੁਰ ਅਤੇ ਸਮੂਹ ਸਟਾਫ ਹਾਜ਼ਰ ਸੀ ।

# ਡਿਪਟੀ ਕਮਿਸ਼ਨਰ ਨੇ ਸਮੂਹ ਭਾਈਵਾਲਾਂ ਨੂੰ ਵਧਾਈ ਦਿੱਤੀ

**ਲੁਧਿਆਣਾ/ਸੁਖਚੈਨ ਮਹਿਰਾ**

ਜ਼ਿਲ੍ਹਾ ਲੁਧਿਆਣਾ ਨੇ ਕੇਂਦਰੀ ਪੰਚਾਇਤੀ ਰਾਜ ਮੰਤਰਾਲੇ ਵੱਲੋਂ ਸੇਵਾਵਾਂ ਅਤੇ ਜਨਤਕ ਵਸਤਾਂ ਦੀ ਸਪਲਾਈ ਵਿੱਚ ਸੁਧਾਰ, ਸਮਾਜਿਕ-ਆਰਥਿਕ ਵਿਕਾਸ ਵਿੱਚ ਸ਼ਾਨਦਾਰ ਯੋਗਦਾਨ ਅਤੇ ਬਾਲ-ਅਨੁਕੂਲ ਅਭਿਆਸਾਂ ਨੂੰ ਅਪਣਾਉਣ ਲਈ ਐਲਾਨੇ ਗਏ 3 ਰਾਸ਼ਟਰੀ ਪੰਚਾਇਤ ਪੁਰਸਕਾਰ 2022 ਜਿੱਤੇ ਹਨ।

ਦੇਨ ਦਿਆਲ ਉਪਾਧਿਆਏ ਪੰਚਾਇਤ ਸਸ਼ਕਤੀਕਰਨ ਪੁਰਸਕਾਰ (ਡੀ.ਡੀ.ਯੂ.ਪੀ.ਐੱਸ.ਪੀ.) ਤਹਿਤ ਬਲਾਕ ਮਾਛੀਵਾੜਾ ਅਤੇ ਪਿੰਡ ਰੋਹਲੇ ਦੀ ਗ੍ਰਾਮ ਪੰਚਾਇਤ ਨੇ ਰਾਸ਼ਟਰੀ ਪੁਰਸਕਾਰ ਜਿੱਤਿਆ ਹੈ, ਜਦਕਿ ਨਾਨਾਜੀ ਦੇਸ਼ਮੁਖ ਰਾਸ਼ਟਰੀ ਗੌਰਵ ਗ੍ਰਾਮ ਸਭਾ ਪੁਰਸਕਾਰ (ਐੱਨ.ਆਰ.ਜੀ.ਜੀ.ਐੱਸ.ਪੀ.) ਪਿੰਡ ਚੇਹਲਾਂ ਦੀ ਗ੍ਰਾਮ ਪੰਚਾਇਤ ਨੂੰ ਦਿੱਤਾ ਗਿਆ ਹੈ।

ਡਿਪਟੀ ਕਮਿਸ਼ਨਰ ਲੁਧਿਆਣਾ ਸੁਰਭੀ ਮਲਿਕ ਨੇ ਵਿਸ਼ੇਸ਼ ਤੌਰ @ਤੇ ਏ.ਡੀ.ਸੀ.(ਪੇਂਡੂ ਵਿਕਾਸ) ਅਮਿਤ ਕੁਮਾਰ ਪੰਚਾਲ, ਅਧਿਕਾਰੀਆਂ ਅਤੇ ਸਮੂਹ ਹਿੱਸੇਦਾਰਾਂ ਨੂੰ ਇਹਨਾਂ ਰਾਸ਼ਟਰੀ ਪੁਰਸਕਾਰਾਂ ਨੂੰ ਜਿੱਤਣ ਲਈ ਵਧਾਈ ਦਿੱਤੀ। ਉਸਨੇ ਕਿਹਾ ਕਿ ਇਹ ਸਿਰਫ ਅਧਿਕਾਰੀਆਂ ਅਤੇ ਸਾਰੇ ਹਿੱਸੇਦਾਰਾਂ ਦੇ ਟੀਮ ਵਰਕ ਕਾਰਨ ਸਾਕਾਰ ਹੋਇਆ ਹੈ।



ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ 24 ਅਪ੍ਰੈਲ, 2022 ਨੂੰ ਰਾਸ਼ਟਰੀ ਪੰਚਾਇਤੀ ਰਾਜ ਦਿਵਸ ਦੇ ਮੌਕੇ @ਤੇ ਜੰਮੂ-ਕਸ਼ਮੀਰ ਦੇ ਜ਼ਿਲ੍ਹਾ ਸਾਂਬਾ ਦੇ ਗ੍ਰਾਮ ਪੰਚਾਇਤ ਪਾਲੀ ਵਿਖੇ ਇੱਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਉਨ੍ਹਾਂ ਕਿਹਾ ਕਿ ਸਾਰੀਆਂ ਗ੍ਰਾਮ ਪੰਚਾਇਤਾਂ ਵੈੱਬ ਕਾਸਟਿੰਗ ਰਾਹੀਂ ਇਸ ਸਮਾਗਮ ਵਿੱਚ ਸ਼ਾਮਲ ਹੋਣਗੀਆਂ ਅਤੇ ਇੱਥੋਂ ਤੱਕ ਕਿ ਇਨਾਮ ਵੀ ਆਨਲਾਈਨ ਕੀਤੇ ਜਾਣਗੇ।